ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਬੁੱਧਵਾਰ, ਮਿਤੀ 18 ਮਈ, 2011 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਏ.ਐਸ. ਬਰਾੜ . . . (ਸਭਾਪਤੀ)
   ਵਾਈਸ-ਚਾਂਸਲਰ
2. ਡਾ. ਗੁਰਨਾਮ ਕੌਰ ਬੇਦੀ, (nominee)
   ਸਕੱਤਰ, ਉਚੇਰੀ ਸਿੱਖਿਆ ਵਿਭਾਗ
3. ਡਾ. ਰਜਿੰਦਰਜੀਤ ਕੌਰ,
   ਡੀਨ, ਅਕਾਦਮਿਕ ਮਾਮਲੇ
4. ਡਾ. ਬਰਕਤ ਅਲੀ,
   ਡੀਨ, ਲੈਂਗੂਏਜ਼ਿਜ ਫੈਕਲਟੀ
5. ਡਾ. ਜੇ.ਐਸ. ਬੱਲ,
   ਡੀਨ, ਐਗਰੀਕਲਚਰਲ ਤੇ ਫੋਰੈਸਟਰੀ ਫੈਕਲਟੀ
6. ਡਾ. ਰਾਧਾ ਸ਼ਰਮਾ,
   ਡੀਨ, ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ
7. ਡਾ. ਪਰਮਿੰਦਰ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਅੰਗਰੇਜ਼ੀ ਵਿਭਾਗ
8. ਡਾ. ਤੇਜਿੰਦਰ ਕੌਰ ਮਾਨ,
   ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ, ਰਿਜਨਲ ਕੈਂਪਸ, ਜਲੰਧਰ
9. ਮਿਸਿਜ਼ ਨਿਰਮਲ ਪਾਂਧੀ,
   ਪ੍ਰਿੰਸੀਪਲ, ਸ਼ਾਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾ ਨਗਰ
10. ਸ੍ਰੀ ਵਿਨੋਦ ਕੁਮਾਰ ਸ਼ਾਹੀ,
    ਪ੍ਰਿੰਸੀਪਲ, ਜੀ.ਜੀ.ਐਸ. ਗੌਰਮਿੰਟ ਕਾਲਜ, ਜੰਡਿਆਲਾ(ਜਲੰਧਰ)
11. ਸ੍ਰੀ ਲਖਬੀਰ ਸਿੰਘ ਲੋਧੀਨੰਗਲ, ਐਮ.ਐਲ.ਏ.
12. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਵਾਈਸ-ਚਾਂਸਲਰ ਸਾਹਿਬ ਨੇ ਸਿੰਡੀਕੇਟ ਦੇ ਮੈਂਬਰ ਡਾ. ਸੁਰਿੰਦਰ ਸਿੰਘ ਅਤੇ ਡਾ. ਕਰਮਜੀਤ ਚੌਧਰੀ ਵੱਲੋਂ ਉਨ੍ਹਾਂ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਵਾਈਸ-ਚਾਂਸਲਰ ਸਾਹਿਬ ਨੇ ਦੱਸਿਆ ਕਿ ਡਾ. ਰਾਧਾ ਸ਼ਰਮਾ ਅਤੇ ਸ੍ਰੀ ਵਿਨੋਦ ਕੁਮਾਰ ਸ਼ਾਹੀ ਦੀ ਸਿੰਡੀਕੇਟ ਉੱਤੇ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਡਾ. ਰਾਧਾ ਸ਼ਰਮਾ ਅਤੇ ਸ੍ਰੀ ਵਿਨੋਦ ਕੁਮਾਰ ਸ਼ਾਹੀ ਨੂੰ ਸਿੰਡੀਕੇਟ ਦੀ ਇੱਕਤਰਤਾ ਵਿਚ ਪਹਿਲੀ ਵਾਰ

ਸ਼ਾਮਲ ਹੋਣ ਲਈ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਨ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ ਤੇ ਕਾਰਵਾਈ ਸ਼ੁਰੂ ਹੋਈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 11.3.2011 ਦੀ ਕਾਰਵਾਈ ਦੀ ਸੋਧ ਸਹਿਤ ਪੁਸ਼ਟੀ ।

1. ਮਿਤੀ 11.3.2011 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਮਿਤੀ 11.3.2011 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ਦੇ ਪੈਰਾ 42 ਦੀ ਅੰਤਿਕਾ ਦੇ ਕ੍ਰਮ ਨੰ: 27 ਵਿਚ ਹੇਠ ਲਿਖੀ ਸੋਧ ਸਹਿਤ ਕੀਤੀ ਜਾਂਦੀ ਹੈ:-

ਪੈਰਾ 42

| ਵਰਤਮਾਨ ਫੀਸ | ਤਜ਼ਵੀਜਸ਼ੁਦਾ ਸੋਧ |
|---|---|
| 1. ਆਰਟਸ - 12000/- ਰੁਪਏ | 1. ਨਵਾਂ ਵਿਸ਼ਾ - 12000/- ਰੁਪਏ |
| 2. ਸਾਇੰਸ - 22000/- ਰੁਪਏ | 2. ਨਵੀਂ ਕਲਾਸ/ ਕੋਰਸ - 22000/- ਰੁਪਏ |

ਸਿੰਡੀਕੇਟ ਦੀ ਇਕੱਤਰਤਾ ਮਿਤੀ 11.3.2011 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।

2. ਮਿਤੀ 11.3.2011 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ ।

ਯੂਨੀਵਰਸਿਟੀ ਕਰਮਚਾਰੀਆਂ ਦੇ ਕੰਟਰੀਬਿਊਟਰੀ/ਜਨਰਲ ਪ੍ਰੋਵੀਡੈਂਟ ਫੰਡ ਦੀ ਰਾਸ਼ੀ ਉਤੇ ਵਿਆਜ ਦੇਣ ਦੀ ਪਰਵਾਨਗੀ।

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕਰਮਚਾਰੀਆਂ ਨੂੰ ਵਿਤੀ ਸਾਲ 2010-11 ਵਾਸਤੇ ਉਨ੍ਹਾਂ ਦੇ ਖਾਤੇ ਵਿਚ ਜਮ੍ਹਾਂ ਕੰਟਰੀਬਿਊਟਰੀ/ਜਨਰਲ ਪ੍ਰੋਵੀਡੈਂਟ ਫੰਡ ਦੀ ਰਾਸ਼ੀ ਉਤੇ 7.58% ਸਲਾਨਾ ਦਰ ਨਾਲ ਵਿਆਜ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸਬੰਧਤ ਅਧਿਆਪਕਾਂ ਨੂੰ ਕਾਨਫਰੰਸ/ ਸਲਾਨਾ ਮੀਟਿੰਗ ਵਿਚ ਭਾਗ ਲੈਣ ਲਈ ਵਿਤੀ ਸਹਾਇਤਾ ਦੀ ਪੁਸ਼ਟੀ।

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਨੂੰ, ਹਰੇਕ ਅੱਗੇ ਦਰਸਾਏ ਵੇਰਵੇ ਅਨੁਸਾਰ, ਕਾਨਫਰੰਸ/ਸਲਾਨਾ ਮੀਟਿੰਗ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/- ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਹੈ:-

| ਅਧਿਆਪਕ ਦਾ ਨਾਮ | ਕਾਨਫਰੰਸ ਬਾਰੇ ਵੇਰਵਾ |
|---|---|
| 1. ਡਾ. ਜਗਰੂਪ ਸਿੰਘ ਸੇਖੋਂ, ਪ੍ਰੋਫੈਸਰ, ਪੋਲੀਟੀਕਲ ਸਾਇੰਸ ਵਿਭਾਗ | International Conference on "Fences, Walls and Borders: State of Insecurity" to be held in |

| | |
|---|---|
| | University of Quedec at Montreal, Canada, from May 17th to May 18th, 2011. |
| 2. ਡਾ. ਗਿਆਨ ਕੌਰ, ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ | Annual meeting on "Pennsylvania Economic Association" to be held in Dickson Collge, Carlisle, Pennsylvania, USA, from 2nd June to 4th June, 2011. |
| 3. ਡਾ. ਬਲਜਿੰਦਰ ਸਿੰਘ ਬੱਲ, ਲੈਕਚਰਾਰ, ਫਿਜੀਕਲ ਐਜੂਕੇਸ਼ਨ (ਟੀਚਿੰਗ) ਵਿਭਾਗ | "International Journal of Arts & Sciences (IJAS) Conference for Academic Disciplines" to be held in Ryerson University, Toronto, Canada, from May 23 to May 26, 2011. |

**ਸਬੰਧਤ ਵਿਭਾਗਾਂ ਦੇ ਮੁਖੀ ਵਜੋਂ ਨਿਯੁਕਤੀ।**

5. ਮੱਦ ਨੰ: 5 ਅਤੇ 63 ਇੱਕਠੀਆਂ ਪੜ੍ਹੀਆਂ ਗਈਆਂ:

ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕਾਂ ਨੂੰ, ਹਰੇਕ ਅੱਗੇ ਦਰਸਾਏ ਅਨੁਸਾਰ, ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ:-

| ਕ੍ਰਮ ਨੰ: | ਨਾਮ ਅਤੇ ਅਹੁਦਾ | ਵਿਭਾਗ | ਮੁਖੀ ਵਜੋਂ ਨਿਯੁਕਤੀ ਦੀ ਮਿਆਦ |
|---|---|---|---|
| 1. | ਡਾ. ਆਦਰਸ਼ ਪਾਲ, ਰੀਡਰ | ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ | 1.7.2011 ਤੋਂ ਤਿੰਨ ਸਾਲ |
| 2. | ਡਾ. ਸ਼ਇਆਮਲ ਕੋਲੇ, ਰੀਡਰ | ਸਪੋਰਟਸ ਮੈਡੀਸਨ ਐਂਡ ਫਿਜਿਓਥਰਾਪੀ | - ਉਹੀ - |
| 3. | ਡਾ. ਅੰਮ੍ਰਿਤਪਾਲ ਕੌਰ, ਪ੍ਰੋਫੈਸਰ | ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸਜ਼ | - ਉਹੀ - |
| 4. | ਡਾ. ਅਜੀਜ ਅਬਾਸ, ਰੀਡਰ | ਉਰਦੂ ਐਂਡ ਪਰਸ਼ੀਅਨ | - ਉਹੀ - |
| 5. | ਡਾ. ਪ੍ਰੀਤ ਮੋਹਿੰਦਰ ਸਿੰਘ ਬੇਦੀ, ਰੀਡਰ | ਫਾਰਮਾਸਿਊਟੀਕਲ ਸਾਇੰਸਜ਼ | - ਉਹੀ - |
| 6. | ਡਾ. ਵਨੀਤਾ, ਰੀਡਰ | ਹਿਊਮੈਨ ਜੈਨੇਟਿਕਸ | - ਉਹੀ - |
| 7. | ਡਾ. ਰਜਿੰਦਰ ਕੁਮਾਰ, ਰੀਡਰ | ਕਾਨੂੰਨ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ | - ਉਹੀ - |
| 8. | ਡਾ. ਸੁਖਵਿੰਦਰ ਸਿੰਘ, ਪ੍ਰੋਫੈਸਰ | ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਜਲੰਧਰ | 18.8.2011 ਤੋਂ 31.12.2011 ਤੱਕ ਅਤੇ 1.1.2012 ਤੋਂ ਤਿੰਨ ਸਾਲ |

**ਡਾ. ਯੂਬੀ ਗਿੱਲ ਦੀ ਅੰਗ੍ਰੇਜੀ ਵਿਭਾਗ ਦੇ ਮੁਖੀ ਵਜੋਂ ਨਿਯੁਕਤੀ।**

63. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਡਾ. ਹਰਬੀਰ ਸਿੰਘ ਮਣਕੂ, ਰੀਡਰ,

ਅੰਗਰੇਜ਼ੀ ਵਿਭਾਗ, ਜਿਸ ਦੀ ਮੁਖੀ ਵਿਭਾਗ ਵਜੋਂ ਵਾਰੀ ਆਉਣ 'ਤੇ ਉਨ੍ਹਾਂ ਵੱਲੋਂ ਕੁਝ ਨਿੱਜੀ ਕਾਰਨਾਂ ਕਰਕੇ ਮੁਖੀ ਵਜੋਂ ਸੇਵਾ ਨਿਭਾਉਣ ਲਈ ਅਸਮਰਥਾ ਜਾਹਿਰ ਕਰਨ ਕਰਕੇ, ਵਿਭਾਗ ਦੇ ਅਗਲੇ ਸੀਨੀਅਰ ਰੀਡਰ ਡਾ. ਯੂਬੀ ਗਿੱਲ ਨੂੰ ਮਿਤੀ 11.6.2011 ਤੋਂ 30.6.2011 ਤੱਕ ਅਤੇ 1.7.2011 ਤੋਂ ਤਿੰਨ ਸਾਲ ਲਈ ਉਕਤ ਵਿਭਾਗ ਦੇ ਮੁਖੀ ਵਜੋਂ ਨਿਯੁਕਤ ਕੀਤਾ ਜਾਂਦਾ ਹੈ।

**ਸਬੰਧਤ ਅਧਿਆਪਕਾਂ ਦੀ ਮੁੜ ਨਿਯੁਕਤੀ।**

6. ਮੱਦ ਨੰ: 6 ਉੱਤੇ ਵਿਚਾਰ ਸਮੇਂ ਡਾ. ਪਰਮਿੰਦਰ ਸਿੰਘ ਅਤੇ ਡਾ. ਰਜਿੰਦਰਜੀਤ ਕੌਰ ਨੇ ਇੱਕਤਰਤਾ ਵਿਚ ਭਾਗ ਨਹੀਂ ਲਿਆ।

ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕਾਂ ਨੂੰ ਮਿਤੀ 30.6.2011 ਨੂੰ ਸੇਵਾ-ਮੁਕਤ ਹੋਣ ਉਪਰੰਤ 1.7.2011 ਤੋਂ 30.6.2013 ਤੱਕ ਦੋ ਸਾਲ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਬਣਦੀ ਤਨਖਾਹ ਤੇ ਮੁੜ ਨਿਯੁਕਤ ਕੀਤਾ ਜਾਂਦਾ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ | ਵਿਭਾਗ |
|---|---|---|
| 1. | ਡਾ. ਗਿਆਨ ਕੌਰ | ਇਕਨਾਮਿਕਸ |
| 2. | ਡਾ. ਪਰਮਿੰਦਰ ਸਿੰਘ | ਅੰਗਰੇਜ਼ੀ |
| 3. | ਡਾ. ਆਰ.ਕੇ. ਬੇਦੀ | ਫਿਜ਼ਿਕਸ |
| 4. | ਡਾ. ਜੀ.ਐਸ. ਵਿਰਕ | ਬੋਟਾਨੀਕਲ ਐਂਡ ਇੰਨਵਾਇਰਨਮੈਂਟਲ ਸਾਇੰਸਜ਼ |
| 5. | ਡਾ.(ਮਿਸਿਜ਼) ਰਜਿੰਦਰ ਕੌਰ | ਸਾਈਕਾਲੋਜੀ |
| 6. | ਡਾ. ਸੁਰਿੰਦਰ ਸਿੰਘ | ਫਿਜ਼ਿਕਸ |
| 7. | ਡਾ. ਰਘਬੀਰ ਸਿੰਘ | ਕਮਰਸ ਐਂਡ ਬਿਜ਼ਨੈਸ ਮੈਨੇਜਮੈਂਟ |

**ਓ.ਐਸ.ਡੀ. ਵਜੋਂ ਨਿਯੁਕਤੀ/ ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ।**

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ:-

(ੳ) ਡਾ. ਬਲਵੰਤ ਸਿੰਘ ਢਿੱਲੋਂ (ਰਿਟਾ.), ਪ੍ਰੋਫੈਸਰ, ਗੁਰੂ ਨਾਨਕ ਅਧਿਐਨ ਵਿਭਾਗ ਨੂੰ ਮਿਤੀ 1.4.2011 ਤੋਂ 6 ਮਹੀਨੇ ਲਈ ਸੈਂਟਰ ਆਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਓ.ਐਸ.ਡੀ. ਵਜੋਂ ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਤਨਖਾਹ ਨਿਯਮਾਂ ਅਨੁਸਾਰ ਨਿਸ਼ਚਿਤ ਕੀਤੀ ਜਾਵੇਗੀ।

(ਅ) ਸ੍ਰੀ ਸੁਭਾਸ਼ ਚੰਦਰ ਸ਼ਰਮਾ, ਆਫੀਸਰ ਆਨ ਸਪੈਸ਼ਲ ਡਿਊਟੀ, ਅਮਰਦੀਪ ਸੈਕੰਡਰੀ ਸਕੂਲ, ਮੁਕੰਦਪੁਰ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.4.2011 ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਹੈ।

**ਸ੍ਰੀ ਸੁਨੀਲ ਨਈਅਰ ਦੀ ਲੀਗਲ ਐਡਵਾਈਜ਼ਰ-ਕਮ-ਨੋਡਲ ਅਫਸਰ ਵਜੋਂ ਨਿਯੁਕਤੀ ਦੀ ਪੁਸ਼ਟੀ।**

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ

ਸੁਨੀਲ ਨਈਅਰ ਨੂੰ ਮਿਤੀ 2.5.2011 ਤੋਂ 1.5.2012 ਤੱਕ ਇਕ ਸਾਲ ਲਈ ਕੰਟ੍ਰੈਕਟ ਆਧਾਰ ਤੇ ਹੇਠ ਲਿਖੀਆਂ ਬਾਨ੍ਹਾਂ ਅਤੇ ਸ਼ਰਤਾਂ ਤੇ ਯੂਨੀਵਰਸਿਟੀ ਲੀਗਲ ਐਡਵਾਈਜ਼ਰ-ਕਮ-ਨੋਡਲ ਅਫਸਰ ਵਜੋਂ ਨਿਯੁਕਤ ਕੀਤਾ ਹੈ:-

1. You will be paid a fixed honorarium of Rs. 10,000/- (Rupees Ten Thousand only) per month.

2. You will be required to vet the parawise comments given by the office in respect of law suits filed against the University in the Supreme Court, High Court, District Courts, Labour Courts, Consumer Courts and other Courts from time to time.

3. You will be required to render legal opinion/advice on the cases that may be referred to you by the office.

4. Your service can be terminated with one month notice from either side.

5. You will be paid conveyance allowance as per University Rules.

ਡਾ. ਮਨਿੰਦਰ ਸਿੰਘ ਹੁੰਦਲ, ਪ੍ਰੋਫੈਸਰ ਕੈਮਿਸਟਰੀ ਵਿਭਾਗ ਦੀ ਸਬੰਧਤ ਕੈਂਪਸ/ ਕਾਲਜ ਦੇ ਇੰਚਾਰਜ਼ ਵਜੋਂ ਨਿਯੁਕਤੀ ਦੀ ਪੁਸ਼ਟੀ ਅਤੇ 3% ਸੀਟਾਂ ਰਾਖਵੀਆਂ ਰੱਖਣ ਦੀ ਪਰਵਾਨਗੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਮਨਿੰਦਰ ਸਿੰਘ ਹੁੰਦਲ, ਪ੍ਰੋਫੈਸਰ ਕੈਮਿਸਟਰੀ ਵਿਭਾਗ ਨੂੰ ਹੇਠ ਲਿਖੇ ਅਨੁਸਾਰ ਇੰਚਾਰਜ਼ ਨਿਯੁਕਤ ਕੀਤਾ ਹੈ:-

| | ਕੈਂਪਸ/ ਕਾਲਜ ਦਾ ਨਾਮ | ਨਿਯੁਕਤੀ ਦਾ ਸਮਾਂ |
|---|---|---|
| 1. | ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ। | ਅਗਲੇ ਆਦੇਸ਼ਾਂ ਤੱਕ |
| 2. | ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸੁਲਤਾਨਪੁਰ ਲੋਧੀ, ਪਿੰਡ ਫੱਤੂ ਢੀਂਗਾ। | - ਉਹੀ - |
| 3. | ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ। | ਮਿਤੀ 1.4.2011 ਤੋਂ 31.3.2012 ਤੱਕ |
| 4. | ਸ਼ਹੀਦ ਰਾਮ ਸਿੰਘ ਪਠਾਨੀਆਂ ਮੈਮੋਰੀਅਲ ਯੂਨੀਵਰਸਿਟੀ ਕਾਲਜ, ਨਿਆੜੀ, ਜਿਲ੍ਹਾ ਗੁਰਦਾਸਪੁਰ। | - ਉਹੀ- |
| 5. | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਜਿਲ੍ਹਾ ਤਰਨ ਤਾਰਨ। | - ਉਹੀ- |
| 6. | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ, ਜਿਲ੍ਹਾ ਗੁਰਦਾਸਪੁਰ। | - ਉਹੀ- |
| 7. | ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਜਿਲ੍ਹਾ ਅੰਮ੍ਰਿਤਸਰ। | - ਉਹੀ- |

ਇਹ ਵੀ **ਪਾਸ ਹੋਇਆ** ਕਿ- (ੳ) ਡਾ. ਮਨਿੰਦਰ ਸਿੰਘ ਹੁੰਦਲ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ, ਕਪੂਰਥਲਾ ਦਾ ਮਿਤੀ 1.4.2011 ਤੋਂ 31.3.2012 ਤੱਕ ਇੰਚਾਰਜ਼ ਨਿਯੁਕਤ ਕੀਤਾ ਜਾਂਦਾ ਹੈ।

(ਅ) ਕ੍ਰਮ ਨੰ: 1 ਉਤੇ ਰਿਜਨਲ ਕੈਂਪਸ ਖੋਲ੍ਹਣ ਲਈ ਜ਼ਮੀਨ ਦਾਨ ਕਰਨ ਵਾਲੇ ਤਿੰਨ ਪਿੰਡਾਂ- ਸਠਿਆਲਾ, ਗੱਗੜਭਾਣਾ, ਵਦਾਦਪੁਰਾ ਅਤੇ ਕ੍ਰਮ ਨੰ: 2 ਉਤੇ ਪਿੰਡ ਫੱਤੂ ਢੀਂਗਾ(ਕਪੂਰਥਲਾ) ਦੇ ਵਸਨੀਕਾਂ ਵੱਲੋਂ ਜ਼ਮੀਨ ਦਾਨ ਕਰਨ ਕਰਕੇ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਲਈ ਉਨ੍ਹਾਂ ਨਾਲ ਸਬੰਧਤ ਰਿਜਨਲ ਕੈਂਪਸ ਵਿਖੇ ਪ੍ਰੋਫ਼ੈਸ਼ਨਲ ਕੋਰਸਾਂ ਵਿਚ 3% ਸੀਟਾਂ ਰਾਖਵੀਆਂ ਰੱਖਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਮੈਸਰਜ਼ ਬ੍ਰਿਜ ਸ਼ਰਮਾ ਐਂਡ ਕੰਪਨੀ, ਚਾਰਟਰਡ ਅਕਾਊਂਟੈਂਟ ਦੀ ਯੂਨੀਵਰਸਿਟੀ ਵਿਖੇ ਆਮਦਨ ਕਰ ਸਲਾਹਕਾਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।**

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮੈਸਰਜ਼ ਬ੍ਰਿਜ ਸ਼ਰਮਾ ਐਂਡ ਕੰਪਨੀ, ਚਾਰਟਰਡ ਅਕਾਊਂਟੈਂਟ ਦੀ ਯੂਨੀਵਰਸਿਟੀ ਵਿਖੇ ਆਮਦਨ ਕਰ ਸਲਾਹਕਾਰ ਵਜੋਂ ਨਿਯੁਕਤੀ ਦੀ ਮਿਆਦ ਵਿਚ ਮਿਤੀ 1.4.2011 ਤੋਂ ਮਿਤੀ 31.3.2012 ਤੱਕ ਇਕ ਸਾਲ ਵਾਸਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ਤੇ ਵਾਧਾ ਕੀਤਾ ਹੈ।

**ਸਬੰਧਤ ਕੋਚਾਂ ਦੀ ਮੁੜ-ਨਿਯੁਕਤੀ ਦੀ ਪੁਸ਼ਟੀ।**

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ:-

(ੳ) ਸ੍ਰੀ ਮਨਜੀਤ ਸਿੰਘ, ਬਾਸਕਟਬਾਲ ਕੋਚ, ਸਪੋਰਟਸ ਵਿਭਾਗ ਦੀ ਕੰਟਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 31.3.2011 ਦੀ ਇਕ ਦਿਨ ਦੀ ਬ੍ਰੇਕ ਦੇ ਕੇ ਮਿਤੀ 1.4.2011 ਤੋਂ 11 ਮਹੀਨਿਆਂ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

(ਅ) ਸਪੋਰਟਸ ਵਿਭਾਗ ਵਿਖੇ ਕੰਟਰੈਕਟ ਆਧਾਰ ਤੇ ਕੰਮ ਕਰ ਰਹੇ ਹੇਠ ਲਿਖੇ ਕੋਚਾਂ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.4.2011 ਦੀ ਇਕ ਦਿਨ ਦੀ ਬਰੇਕ ਦੇ ਕੇ ਮਿਤੀ 2.4.2011 ਤੋਂ 11 ਮਹੀਨਿਆਂ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ:-

1. ਸ੍ਰੀ ਬਲਦੇਵ ਸਿੰਘ, ਸਵੀਮਿੰਗ ਕੋਚ
2. ਸ੍ਰੀ ਜਗਦੀਪ ਸਿੰਘ, ਵਾਲੀਬਾਲ ਕੋਚ
3. ਸ੍ਰੀ ਲਖਵੀਰ ਸਿੰਘ, ਖੋ-ਖੋ/ ਕਬੱਡੀ ਕੋਚ

**ਮਿਸਿਜ਼ ਦਿਵਜੋਤ ਕੌਰ, ਲੈਕਚਰਾਰ ਇਨ ਜੌਗਰਫੀ, ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜਾਮੀਨੇਸ਼ਨਜ਼ ਦੀ ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ।**

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਸਿਜ਼ ਦਿਵਜੋਤ ਕੌਰ, ਲੈਕਚਰਾਰ ਇਨ ਜੌਗਰਫੀ, ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜਾਮੀਨੇਸ਼ਨਜ਼ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 1.5.2011 ਤੋਂ 2.5.2011 ਦੀ ਬ੍ਰੇਕ ਦਿੰਦੇ ਹੋਏ ਮਿਤੀ 3.5.2011 ਤੋਂ 2.11.2011

ਤੱਕ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

ਸਬੰਧਤ ਵਿਅਕਤੀਆਂ ਦੀ ਮੁੜ-ਨਿਯੁਕਤੀ ਦੀ ਪੁਸ਼ਟੀ।

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ:-

(ੳ) ਸ੍ਰੀ ਹਰਜੀਤ ਲਾਲ (ਸੇਵਾ-ਮੁਕਤ), ਫਿਜਿਓਥਰਾਪਿਸਟ, ਸਪੋਰਟਸ ਮੈਡੀਸਨ ਅਤੇ ਫਿਜਿਓਥਰਾਪੀ ਵਿਭਾਗ ਨੂੰ ਮਿਤੀ 3.5.2011 ਤੋਂ 2.11.2011 ਤੱਕ ਛੇ ਮਹੀਨੇ ਲਈ ਜਾਂ ਅਸਾਮੀ ਪੱਕੇ ਤੌਰ ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 8300/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ਤੇ ਮੁੜ ਨਿਯੁਕਤ ਕੀਤਾ ਹੈ। ਉਸਦੀ ਹਾਜਰੀ ਡਿਊਟੀ ਜਾਇਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

(ਅ) ਸ੍ਰੀ ਬਲਬੀਰ ਸਿੰਘ, ਫੋਰਮੈਨ (ਮਕੈਨੀਕਲ), ਉਸਾਰੀ ਵਿਭਾਗ ਨੂੰ ਮਿਤੀ 15.4.2011 ਤੋਂ ਛੇ ਮਹੀਨੇ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾ ਹੋਵੇ 10000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਬਤੌਰ ਫੋਰਮੈਨ (ਮਕੈਨੀਕਲ) ਵਜੋਂ ਕੰਟਰੈਕਟ ਆਧਾਰ ਤੇ ਮੁੜ ਨਿਯੁਕਤ ਕੀਤਾ ਹੈ। ਉਸ ਦੀ ਹਾਜਰੀ ਡਿਊਟੀ ਜਾਇਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

(ੲ) ਸ੍ਰੀ ਰਾਮ ਅਵਧ, (ਸੇਵਾ-ਮੁਕਤ), ਪੰਪ ਡਰਾਈਵਰ ਨੂੰ ਮਿਤੀ 17.3.2011 ਤੋਂ 16.9.2011 ਤੱਕ, ਛੇ ਮਹੀਨੇ ਲਈ ਜਾਂ ਆਸਾਮੀ ਪੱਕੇ ਤੌਰ ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 5000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਮੁੜ ਨਿਯੁਕਤ ਕੀਤਾ ਹੈ। ਉਸ ਦੀ ਹਾਜਰੀ ਡਿਊਟੀ ਜਾਇਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

ਇਸ ਯੂਨੀਵਰਸਿਟੀ ਦੇ ਸਬੰਧਤ **(Constituent)** ਕਾਲਜਾਂ ਵਿਖੇ ਪ੍ਰਿੰਸੀਪਲਾਂ ਦੀ ਅਸਾਮੀ ਲਈ ਯੋਗਤਾ ਦੀ ਪਰਵਾਨਗੀ।

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ -

(ੳ) ਇਸ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਚ ਪਹਿਲਾਂ ਤੋਂ ਅਪਰੂਵਡ ਪ੍ਰਿੰਸੀਪਲਾਂ ਨੂੰ ਇਸ ਯੂਨੀਵਰਸਿਟੀ ਦੇ ਸਬੰਧਤ (Constituent) ਕਾਲਜਾਂ ਵਿਖੇ ਪ੍ਰਿੰਸੀਪਲ ਦੀ ਅਸਾਮੀ ਲਈ ਯੋਗ ਮੰਨਣ ਦੀ ਪਰਵਾਨਗੀ ਦਿੱਤੀ ਹੈ; ਅਤੇ

(ਅ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੁਆਰਾ ਅਪਰੂਵਡ ਪ੍ਰਿੰਸੀਪਲਾਂ ਨੂੰ ਇਸ ਯੂਨੀਵਰਸਿਟੀ ਦੇ ਸਬੰਧਤ (Constituent) ਕਾਲਜਾਂ ਵਿਖੇ ਪ੍ਰਿੰਸੀਪਲਾਂ ਦੀ ਅਸਾਮੀ ਲਈ ਯੋਗ ਮੰਨਣ ਦੀ ਵੀ ਪਰਵਾਨਗੀ ਦਿੱਤੀ ਹੈ।

ਪ੍ਰਿੰਸੀਪਲਾਂ ਦੀਆਂ ਖਾਲੀ ਅਸਾਮੀਆਂ ਤੇ ਭਰਤੀ ਲਈ ਨੀਤੀ ਅਪਨਾਉਣ ਦੀ ਪਰਵਾਨਗੀ।

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਪ੍ਰਿੰਸੀਪਲਾਂ ਦੀਆਂ ਖਾਲੀ ਅਸਾਮੀਆਂ ਤੇ ਭਰਤੀ ਲਈ ਹੇਠ ਲਿਖੀ ਨੀਤੀ ਅਪਨਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

1. ਜੋ ਉਮੀਦਵਾਰ ਇਸ ਯੂਨੀਵਰਸਿਟੀ ਤੋਂ ਇਲਾਵਾ ਬਾਕੀ ਯੂਨੀਵਰਸਿਟੀਆਂ ਤੋਂ ਰੈਗੂਲਰ ਪ੍ਰਿੰਸੀਪਲ ਵਜੋਂ ਅਪਰੂਵਡ ਹਨ ਅਤੇ ਇਸ ਯੂਨੀਵਰਸਿਟੀ ਵਿਖੇ ਕਿਸੇ ਕਾਲਜ ਲਈ ਰੈਗੂਲਰ ਜਾਂ ਰਿਟਾਇਰ ਹੋਣ ਤੇ ਕੰਟਰੈਕਟ ਅਧਾਰ ਲਈ ਪ੍ਰਿੰਸੀਪਲ ਦੀ ਅਸਾਮੀ ਲਈ ਅਪਲਾਈ ਕਰਦੇ ਹਨ ਤਾਂ ਉਹ ਉਮੀਦਵਾਰ ਹੀ ਪ੍ਰਿੰਸੀਪਲ ਲਈ ਯੋਗ ਵਿਚਾਰੇ ਜਾਣੇ ਬਣਦੇ ਹਨ, ਜੋ ਇਸ ਯੂਨੀਵਰਸਿਟੀ ਵਲੋਂ ਪ੍ਰਿੰਸੀਪਲ ਲਈ ਜਾਰੀ ਕੀਤੀਆਂ ਨਿਰਧਾਰਤ ਯੋਗਤਾਵਾਂ ਪੂਰੀਆਂ ਕਰਦੇ ਹਨ।

2. ਜੋ ਉਮੀਦਵਾਰ ਇਸ ਯੂਨੀਵਰਸਿਟੀ ਦੁਆਰਾ ਰੈਗੂਲਰ ਪ੍ਰਿੰਸੀਪਲ ਵਜੋਂ ਅਪਰੂਵ ਹੋ ਚੁੱਕੇ ਹਨ ਅਤੇ ਉਹ ਇਸ ਯੂਨੀਵਰਸਿਟੀ ਦੇ ਕਿਸੇ ਹੋਰ ਕਾਲਜ ਵਿਖੇ ਰੈਗੂਲਰ ਪ੍ਰਿੰਸੀਪਲ ਜਾਂ ਰਿਟਾਇਰ ਹੋਣ ਤੇ ਕੰਟਰੈਕਟ ਅਧਾਰ ਲਈ ਅਪਲਾਈ ਕਰਦੇ ਹਨ ਤਾਂ ਉਹਨਾਂ ਤੇ ਪ੍ਰਿੰਸੀਪਲ ਲਈ ਯੂ.ਜੀ.ਸੀ. ਵਲੋਂ ਜਾਰੀ ਕੀਤੀਆਂ ਨਵੀਆਂ ਯੋਗਤਾਵਾਂ ਲਾਗੂ ਨਹੀਂ ਕਰਨੀਆਂ ਬਣਦੀਆਂ ਅਤੇ ਉਹਨਾਂ ਨੂੰ ਪਹਿਲਾਂ ਤੋਂ ਅਪਰੂਵਡ ਪ੍ਰਿੰਸੀਪਲ ਹੋਣ ਕਰਕੇ ਯੋਗ ਮੰਨ ਲੈਣਾ ਬਣਦਾ ਹੈ।

3. ਜੋ ਉਮੀਦਵਾਰ ਇਸ ਯੂਨੀਵਰਸਿਟੀ ਦੁਆਰਾ ਰੈਗੂਲਰ ਅਪਰੂਵਡ ਪ੍ਰਿੰਸੀਪਲ ਹਨ, ਉਹਨਾਂ ਦੇ ਰਿਟਾਇਰ ਹੋਣ ਤੇ ਆਰਟਸ, ਸਾਇੰਸ ਕਾਲਜਾਂ ਵਿੱਚ 65 ਸਾਲ ਤੱਕ ਪੁਨਰ-ਨਿਯੁਕਤੀ ਕੰਟਰੈਕਟ ਅਧਾਰ ਤੇ ਕਰਨ ਅਤੇ ਬੀ.ਐਡ. ਕਾਲਜਾਂ ਵਿੱਚ 70 ਸਾਲ ਦੀ ਉਮਰ ਤੱਕ ਅਜਿਹੀ ਨਿਯੁਕਤੀ ਕਰਨ ਦੀ ਯੂਨੀਵਰਸਿਟੀ ਨਿਯਮਾਂ ਵਿਚ ਵਿਵਸਥਾ ਹੈ। ਅਜਿਹੀਆਂ ਨਿਯੁਕਤੀਆਂ ਕੇਵਲ ਯੋਗ ਉਮੀਦਵਾਰ ਨਾ ਮਿਲਣ ਦੀ ਸੂਰਤ ਵਿੱਚ ਹੀ ਕੀਤੀਆਂ ਜਾਣੀਆਂ ਹਨ। ਕਾਲਜ ਵਲੋਂ ਇਸ਼ਤਿਹਾਰ ਦੇਣ ਤੇ ਪ੍ਰਿੰਸੀਪਲ ਦੀ ਅਸਾਮੀ ਲਈ ਜੇਕਰ ਕੋਈ ਯੋਗ ਉਮੀਦਵਾਰ ਨਹੀਂ ਮਿਲਦਾ ਤਾਂ ਜੇਕਰ ਮੈਨੇਜਮੈਂਟ ਚਾਹੁੰਦੀ ਹੈ ਤਾਂ ਰਿਟਾਇਰਡ ਅਪਰੂਵਡ ਰੈਗੂਲਰ ਪ੍ਰਿੰਸੀਪਲ ਦੀ ਪੁਨਰ ਨਿਯੁਕਤੀ ਉਸੇ ਹੀ ਕਾਲਜ ਵਿਖੇ ਜਿਥੇ ਉਹ ਪਹਿਲਾਂ ਕੰਮ ਕਰ ਰਿਹਾ ਸੀ, ਕੰਟਰੈਕਟ ਆਧਾਰ ਤੇ ਦੁਬਾਰਾ Selection ਕਰਕੇ ਨਿਯੁਕਤੀ ਕੀਤੀ ਜਾ ਸਕਦੀ ਹੈ।

4. ਪ੍ਰਿੰਸੀਪਲ ਦੀ ਨਿਯੁਕਤੀ ਕੇਵਲ 5 ਸਾਲ ਦੀ ਮਿਆਦ ਲਈ ਹੋਵੇਗੀ। ਯੂ.ਜੀ.ਸੀ. ਦੀਆਂ ਨਵੀਆਂ ਹਦਾਇਤਾਂ ਅਨੁਸਾਰ ਅਗਲੀ ਟਰਮ ਲਈ ਮੁੜ-ਨਿਯੁਕਤੀ ਸਲੈਕਸ਼ਨ ਕਮੇਟੀ ਰਾਹੀਂ ਕੀਤੀ ਜਾਵੇਗੀ। ਇਹ ਸ਼ਰਤ ਐਸ.ਆਰ.ਐਸ. ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਅਤੇ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਲਈ ਵੀ ਲਾਗੂ ਹੋਵੇਗੀ।

5. 60 ਸਾਲ ਤੋਂ ਵੱਧ ਉਮਰ ਵਾਲੇ ਪ੍ਰਿੰਸੀਪਲਾਂ ਦੀ ਨਿਯੁਕਤੀ ਹਰ ਸਾਲ ਸਲੈਕਸ਼ਨ ਕਮੇਟੀ ਰਾਹੀਂ ਕੀਤੀ ਜਾਵੇਗੀ, ਪਰ ਉਹ ਵੱਧ ਤੋਂ ਵੱਧ 65 ਸਾਲ ਦੀ ਉਮਰ ਤੱਕ ਅਤੇ ਬੀ.ਐਡ. ਕਾਲਜਾਂ ਵਿਚ 70 ਸਾਲ ਦੀ ਉਮਰ ਤੱਕ ਕੰਮ ਕਰਦੇ ਰਹਿਣਗੇ।

ਪ੍ਰੈਸ ਅਤੇ ਪ੍ਰਕਾਸ਼ਨ ਕਮੇਟੀ ਦੀਆਂ ਮਿਤੀ 3.3.2011 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪ੍ਰੈਸ ਅਤੇ ਪ੍ਰਕਾਸ਼ਨ ਕਮੇਟੀ ਦੀ ਇੱਕਤਰਤਾ ਮਿਤੀ 3.3.2011 ਦੀ ਮੱਦ ਨੰ: 2 ਅਤੇ 5 ਅਧੀਨ ਕੀਤੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਪ੍ਰੋ. ਜੋਗਿੰਦਰ ਸਿੰਘ ਰਾਮਦੇਵ ਵੱਲੋਂ ਦਾਨ ਕੀਤੀ ਰਾਸ਼ੀ ਨਾਲ **Endowment Fund** ਸਥਾਪਤ ਕਰਨ ਅਤੇ ਗਰੀਬ ਵਿਦਿਆਰਥੀਆਂ ਨੂੰ ਵਜੀਫਾ ਦੇਣ ਦੀ ਪਰਵਾਨਗੀ।

17. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪ੍ਰੋ. ਜੋਗਿੰਦਰ ਸਿੰਘ ਰਾਮਦੇਵ NRI ਵੱਲੋਂ ਇਕ ਲੱਖ ਰੁਪਏ ਦੀ ਦਾਨ ਕੀਤੀ ਰਾਸ਼ੀ ਨਾਲ ਉਨ੍ਹਾਂ ਦੀ ਪਤਨੀ ਸ੍ਰੀਮਤੀ ਸਤਿੰਦਰ ਕੌਰ ਰਾਮਦੇਵ ਦੀ ਯਾਦ ਵਿਚ ਇਸ ਯੂਨੀਵਰਸਿਟੀ ਵਿਖੇ Endowment Fund ਖੋਲਣ ਅਤੇ ਦਾਨੀ ਦੀ ਇੱਛਾ ਅਨੁਸਾਰ ਇਸ ਰਾਸ਼ੀ ਤੋਂ ਪ੍ਰਾਪਤ ਹੋਣ ਵਾਲੇ ਵਿਆਜ ਤੋਂ ਲਾਇਬ੍ਰੇਰੀ ਅਤੇ ਇਨਫਰਮੇਸ਼ਨ ਸਾਇੰਸ ਵਿਭਾਗ ਵਿਖੇ ਲੋੜਵੰਦ ਗਰੀਬ ਵਿਦਿਆਰਥੀਆਂ ਨੂੰ ਹਰ ਸਾਲ ਉਨ੍ਹਾਂ ਦੇ ਨਾਂ ਤੇ ਵਜੀਫਾ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਐਮ.ਐਸ.ਸੀ. (ਕੰਪਿਊਟਰ ਸਾਇੰਸ) ਅਤੇ ਐਮ.ਐਸ.ਸੀ. (ਇਨਫਰਮੇਸ਼ਨ ਟੈਕਨਾਲੋਜੀ) ਦੇ ਅਧਿਆਦੇਸ਼ਾਂ ਵਿਚ ਸੋਧ ਅਤੇ ਨਤੀਜੇ ਘੋਸ਼ਿਤ ਕਰਨ ਦੀ ਪੁਸ਼ਟੀ।

18. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫੈਕਲਟੀ ਵੱਲੋਂ ਸਮੈਸਟਰ ਸਿਸਟਮ ਅਧੀਨ ਐਮ.ਐਸ.ਸੀ. (ਕੰਪਿਊਟਰ ਸਾਇੰਸ) ਅਤੇ ਐਮ.ਐਸ.ਸੀ. (ਇਨਫਰਮੇਸ਼ਨ ਟੈਕਨਾਲੋਜੀ) ਦੇ ਸੁਝਾਏ ਅਧਿਆਦੇਸ਼ਾਂ (**ਅੰਤਿਕਾ** ਅਨੁਸਾਰ) ਵਿਚ ਸੈਸ਼ਨ 2010-11 ਤੋਂ ਸੋਧ ਪਰਵਾਨ ਕੀਤੀ ਹੈ।

(ਅ) ਉਕਤ ਕਲਾਸਾਂ ਦੇ ਵਿਦਿਆਰਥੀਆਂ ਦੇ ਨਤੀਜੇ ਘੋਸ਼ਿਤ ਕਰਨ ਦੀ ਆਗਿਆ ਦਿੱਤੀ ਹੈ ਤਾਂ ਜੋ ਇਨ੍ਹਾਂ ਵਿਦਿਆਰਥੀਆਂ ਦੇ ਦਾਖਲੇ/ਪ੍ਰੀਖਿਆ ਸਬੰਧੀ ਕੋਈ ਮੁਸ਼ਕਿਲ ਨਾ ਆਵੇ।

ਫਿਜਿਕਸ ਵਿਭਾਗ ਦੇ ਨਕਾਰਾ ਅਤੇ ਨਾ-ਮੁਰੰਮਤ ਯੋਗ ਯੰਤਰ ਵੱਟੇ ਖਾਤੇ ਪਾਉਣ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

19. ਵਿਚਾਰ ਉਪਰੰਤ

**ਪਾਸ ਹੋਇਆ** ਕਿ -

(ੳ) ਫਿਜਿਕਸ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 1034186.70 ਰੁਪਏ ਕੀਮਤ ਦੇ ਯੰਤਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 22.3.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਫਿਜਿਕਸ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 7,09,147 ਰੁਪਏ

ਕੀਮਤ ਦੇ ਯੰਤਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 3.5.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਅਕਾਂਕਸ਼ਾ ਖੰਨਾ ਨੂੰ ਸਤੰਬਰ 2011 ਵਿਚ ਬੀ.ਕਾਮ. ਭਾਗ ਪਹਿਲਾ ਦੇ ਪੂਰੇ ਵਿਸ਼ਿਆਂ ਦੀ ਪ੍ਰੀਖਿਆ ਦੇਣ ਦੀ ਆਗਿਆ ਦੀ ਪੁਸ਼ਟੀ।

20. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਬੀ.ਬੀ.ਕੇ.ਡੀ.ਏ.ਵੀ. ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਵਿਖੇ ਸੈਸ਼ਨ 2010-11 ਦੌਰਾਨ ਬੀ.ਕਾਮ. ਭਾਗ ਪਹਿਲਾ ਦੀ ਵਿਦਿਆਰਥਣ- ਅਕਾਂਕਸ਼ਾ ਖੰਨਾ ਪੁੱਤਰੀ ਸ੍ਰੀ ਵਿਨੇ ਖੰਨਾ, ਜੋ Ischio-Rectal Abscess ਬਿਮਾਰੀ ਕਾਰਣ ਗੰਗਾ ਰਾਮ ਹਸਪਤਾਲ, ਨਵੀਂ ਦਿੱਲੀ ਵਿਖੇ ਸਰਜਰੀ ਕਰਵਾਉਣ ਕਾਰਣ ਅਪ੍ਰੈਲ 2011 ਦੌਰਾਨ ਆਪਣੀ ਉਕਤ ਪ੍ਰੀਖਿਆ ਨਹੀਂ ਦੇ ਸਕੀ, ਦੀ ਬੇਨਤੀ ਨੂੰ ਮੁੱਖ ਰੱਖਦਿਆਂ, ਸਤੰਬਰ 2011 ਵਿਚ 20000/- ਰੁਪਏ ਜੁਰਮਾਨਾ ਫੀਸ ਨਾਲ ਵਿਸ਼ੇਸ਼ ਕੇਸ ਵਜੋਂ ਉਕਤ ਕਲਾਸ ਦੇ ਪੂਰੇ ਵਿਸ਼ਿਆਂ ਦੇ ਪੇਪਰ ਦੇਣ ਦੀ ਆਗਿਆ ਦਿੱਤੀ ਹੈ।

ਮਨਪ੍ਰੀਤ ਕੌਰ ਨੂੰ ਜੁਰਮਾਨਾ ਫੀਸ ਸਹਿਤ ਪ੍ਰੋਜੈਕਟ ਰਿਪੋਰਟ ਜਮਾਂ ਕਰਾਉਣ ਦੀ ਪਰਵਾਨਗੀ।

21. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡੀ.ਏ.ਵੀ. ਕਾਲਜ, ਜਲੰਧਰ ਵਿਖੇ ਸੈਸ਼ਨ 2005 ਦੌਰਾਨ ਐਮ.ਬੀ.ਏ. ਚੌਥਾ ਸਮੈਸਟਰ ਦੀ ਵਿਦਿਆਰਥਣ- ਮਨਪ੍ਰੀਤ ਕੌਰ, ਰੋਲ ਨੰ: 1826, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 30.6.2005 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮਾਂ ਨਹੀਂ ਕਰਵਾ ਸਕੀ, ਦੇ ਅਕਾਦਮਿਕ ਭੱਵਿਖ ਨੂੰ ਮੁੱਖ ਰੱਖਦਿਆਂ, ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਸਹਿਤ ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਪ੍ਰੋਜੈਕਟ ਰਿਪੋਰਟ ਜਮਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਬਿਕਰਮਜੀਤ ਸਿੰਘ ਨੂੰ ਜੁਰਮਾਨਾ ਫੀਸ ਸਹਿਤ ਖੋਜ ਨਿਬੰਧ ਜਮਾਂ ਕਰਾਉਣ ਦੀ ਪਰਵਾਨਗੀ।

22. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2008-10 ਦੌਰਾਨ ਐਮ.ਬੀ.ਏ.(ਆਨਰਜ਼) ਐਮ.ਆਰ.ਐਮ. ਸਮੈਸਟਰ ਚੌਥਾ ਦਾ ਵਿਦਿਆਰਥੀ- ਬਿਕਰਮਜੀਤ ਸਿੰਘ, ਰੋਲ ਨੰ: 880704, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 31.3.2010 ਤੱਕ ਆਪਣਾ ਖੋਜ ਨਿਬੰਧ ਜਮਾਂ ਨਹੀਂ ਕਰਵਾ ਸਕਿਆ, ਦੇ ਅਕਾਦਮਿਕ ਭੱਵਿਖ ਨੂੰ ਮੁੱਖ ਰੱਖਦਿਆਂ, ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਸਹਿਤ ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਖੋਜ ਨਿਬੰਧ ਜਮਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਕਾਲਜ ਵਿਕਾਸ ਕੌਂਸਲ ਦੇ ਫੰਡ ਵਿਚ ਵਾਧੇ ਦੀ ਪਰਵਾਨਗੀ।

23. ਕਾਲਜ ਵਿਕਾਸ ਕੌਂਸਲ ਦੀ ਇੱਕਤਰਤਾ ਮਿਤੀ 10.11.2010 ਦੇ ਪੈਰਾ ਨੰ: 7 ਰਾਹੀਂ ਕੀਤੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2011-12 ਤੋਂ ਕਾਲਜ ਵਿਕਾਸ ਕੌਂਸਲ ਫੰਡ

50/- ਰੁਪਏ ਤੋਂ ਵਧਾ ਕੇ 100/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਸਾਲ ਕੀਤਾ ਜਾਂਦਾ ਹੈ, ਜਿਸ ਵਿੱਚੋਂ ਕਾਲਜ 40/- ਰੁਪਏ ਆਪਣੇ ਕੋਲ ਰੱਖ ਕੇ ਬਾਕੀ 60/- ਰੁਪਏ ਯੂਨੀਵਰਸਿਟੀ ਵਿਖੇ ਜਮਾਂ ਕਰਵਾਏਗਾ।

**ਸਬੰਧਤ ਕੋਰਸਾਂ ਦੇ ਅਧਿਆਦੇਸ਼ਾਂ ਵਿਚ ਸੋਧ/ਵਾਧੇ ਦੀ ਪੁਸ਼ਟੀ।**

24. ਵਿਚਾਰ ਉਪਰੰਤ

**ਪਾਸ ਹੋਇਆ** ਕਿ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2010 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫੈਕਲਟੀ ਵੱਲੋਂ ਸੈਸ਼ਨ 2010-11 ਤੋਂ CBCEGS ਅਧੀਨ ਸੁਝਾਏ ਬੀ.ਟੈਕ.(ECE), ਬੀ.ਟੈਕ.(ECSE) ਅਤੇ M.Tech. Communication System ਦੇ ਅਧਿਆਦੇਸ਼ **ਅੰਤਿਕਾਵਾਂ** ਅਨੁਸਾਰ ਪਰਵਾਨ ਕੀਤੇ ਹਨ।

(ਅ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫੈਕਲਟੀ ਵੱਲੋਂ ਸੈਸ਼ਨ 2010-11 ਤੋਂ ਸੁਝਾਏ ਬੈਚੂਲਰ ਆਫ ਕੰਪਿਊਟਰ ਐਪਲੀਕੇਸ਼ਨਜ਼ (BCA) ਅਤੇ ਬੀ.ਐਸ.ਸੀ. (ਇਨਫਰਮੇਸ਼ਨ ਟੈਕਨਾਲੋਜੀ) (B.Sc. (IT)) ਦੇ ਅਧਿਆਦੇਸ਼ਾਂ ਵਿਚ **ਅੰਤਿਕਾਵਾਂ** ਅਨੁਸਾਰ ਸੋਧ ਪਰਵਾਨ ਕੀਤੀ ਹੈ।

(ੲ) ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫ਼ੈਕਲਟੀ ਦੇ ਸੁਝਾਅ ਅਨੁਸਾਰ ਬੈਚੂਲਰ ਆਫ ਡਿਜ਼ਾਈਨ ਅਤੇ ਬੈਚੂਲਰ ਆਫ ਮਲਟੀਮੀਡੀਆ ਦੇ ਕੋਰਸਾਂ ਦੇ ਅਧਿਆਦੇਸ਼ਾਂ ਵਿਚ ਹੇਠ ਲਿਖੀ Clause 5(c) ਸ਼ਾਮਲ ਕਰਨ ਦੀ ਪਰਵਾਨਗੀ ਦਿੱਤੀ ਹੈ:-

"5(c) The students remaining absent in one or more papers of the courses be declared as reappear and the students should be given two consecutive chances to clear the reappear examination".

**ਵੱਖ-ਵੱਖ ਵਿਭਾਗਾਂ ਵਿਚ ਨਵੇਂ ਸ਼ੁਰੂ ਕੀਤੇ ਜਾਣ ਵਾਲੇ ਕੋਰਸਾਂ ਦੀ ਜਨਰਲ/ਸੈਲਫ ਫਾਈਨੈਂਸ/ਫੋਰਨ/ਐਨ.ਆਰ. ਆਈ. ਫੀਸ ਤਹਿ ਕਰਨ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪੁਸ਼ਟੀ।**

25. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2011-12 ਤੋਂ ਵੱਖ-ਵੱਖ ਵਿਭਾਗਾਂ ਵਿਚ ਨਵੇਂ ਸ਼ੁਰੂ ਕੀਤੇ ਜਾਣ ਵਾਲੇ ਕੋਰਸਾਂ ਦੀ ਜਨਰਲ/ਸੈਲਫ ਫਾਈਨੈਂਸ/ ਫੋਰਨ/ਐਨ.ਆਰ.ਆਈ. ਫੀਸ ਤਹਿ ਕਰਨ ਸਬੰਧੀ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 21.4.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਹਨ।

**ਪੀ.ਐਚ.ਡੀ. ਦੇ ਅਧਿਆਦੇਸ਼ ਵਿਚ ਪਹਿਲਾਂ ਮੌਜੂਦ Eligibility ਸ਼ਰਤ ਲਾਗੂ ਕਰਨ ਦੀ ਪਰਵਾਨਗੀ।**

26. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਿੰਡੀਕੇਟ ਦੀ ਇਕੱਤਰਤਾ ਮਿਤੀ 3.11.2010 ਦੇ ਪੈਰਾ 50 ਰਾਹੀਂ ਪੀ.ਐਚ.ਡੀ. ਦੇ ਅਧਿਆਦੇਸ਼ ਵਿਚ ਕ੍ਰਮ ਨੰ: 1 Eligibility

(iii) ਅਧੀਨ Proposed Ordinance ਵਿਚ ਕਲੈਰੀਕਲ ਉਕਾਈ ਕਾਰਨ ਅੰਕਿਤ ਕੀਤੇ ਗਏ ਸ਼ਬਦ 'deleted' ਸਬੰਧੀ ਸੋਧ ਕਰਦੇ ਹੋਏ ਹੇਠ ਲਿਖੇ ਅਨੁਸਾਰ ਪਹਿਲਾਂ ਮੌਜੂਦ ਅਧਿਆਦੇਸ਼ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਹੈ:

"A Candidate who has passed Diploma in Sports Medicine (DSM)/Diploma in Physical Medicine and Rehabilitation (DPMR)/Diploma in Orthopedic(D.Ortho) or equivalent qualification after passing MBBS degree recognized by the Medical Council of India be allowed for Ph.D. enrolment/registration in the faculty of Sports Medicine & Physiotherapy."

ਸਾਲ 2011-12 ਵਾਸਤੇ ਪ੍ਰੋਵੀਡੈਂਟ ਫੰਡ ਕਮੇਟੀ ਲਈ ਇਕ ਮੈਂਬਰ ਨਿਯੁਕਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

27. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 90 ਉੱਤੇ ਸਟੈਚਿਊਟ 12 ਅਨੁਸਾਰ ਸਾਲ 2011-2012 ਵਾਸਤੇ ਪ੍ਰੋਵੀਡੈਂਟ ਫੰਡ ਕਮੇਟੀ ਲਈ ਇਕ ਮੈਂਬਰ ਨਿਯੁਕਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸਿਧਾਕਰ ਕੁਮਾਰ ਪਾਸਵਾਨ, ਆਰਚਰੀ ਖਿਡਾਰੀ ਨੂੰ ਖੁੰਝੇ ਪੇਪਰਾਂ ਦੀ ਪ੍ਰੀਖਿਆ ਦੇਣ ਲਈ ਵਿਸ਼ੇਸ਼ ਮੌਕਾ ਦੇਣ ਦੀ ਪਰਵਾਨਗੀ।

28. ਪ੍ਰਿੰਸੀਪਲ ਖਾਲਸਾ ਕਾਲਜ, ਅੰਮ੍ਰਿਤਸਰ ਦੀ ਬੇਨਤੀ ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿਧਾਕਰ ਕੁਮਾਰ ਪਾਸਵਾਨ ਇੰਟਰਨੈਸ਼ਨਲ ਆਰਚਰੀ ਖਿਡਾਰੀ, ਜੋ ਇਟਲੀ ਅਤੇ ਟਰਕੀ ਵਿਖੇ ਖੇਡਾਂ ਵਿਚ ਭਾਗ ਲੈਣ ਕਾਰਣ ਆਪਣੀ ਬੀ.ਕਾਮ. (ਪ੍ਰੋਫੈਸ਼ਨਲ), ਭਾਗ ਪਹਿਲਾ ਦੀ Business and Labour Law, Accountancy ਅਤੇ Business Management ਦੀ ਪ੍ਰੀਖਿਆ ਨਹੀਂ ਦੇ ਸਕਿਆ, ਨੂੰ ਉਕਤ ਵਿਸ਼ਿਆਂ ਦੀ ਪ੍ਰੀਖਿਆ ਦੇਣ ਲਈ ਸਤੰਬਰ 2011 ਵਿਚ ਅਪੀਅਰ ਹੋਣ ਲਈ ਵਿਸ਼ੇਸ਼ ਮੌਕਾ ਦਿੱਤਾ ਜਾਂਦਾ ਹੈ।

ਵਿਦਿਆਰਥੀਆਂ ਨੂੰ ਫੀਸ/ ਸਕਿਓਰਟੀ ਰਿਫੰਡ ਕਰਨ ਸਬੰਧੀ ਅਧਿਆਦੇਸ਼ਾਂ ਵਿਚ ਸੋਧ ਦੀ ਪੁਸ਼ਟੀ।

29. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਫੀਸ/ ਸਕਿਓਰਟੀ ਰਿਫੰਡ ਕਰਨ ਸਬੰਧੀ ਨੀਤੀ ਨਿਰਧਾਰਤ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 20.4.2011 ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ, ਭਾਗ ਏ ਪੰਨਾ 66-67 ਉੱਤੇ ਅਧਿਆਦੇਸ਼ ਵਿਚ **ਅੰਤਿਕਾ** ਅਨੁਸਾਰ ਸੋਧ ਦੀ ਪਰਵਾਨਗੀ ਦਿੱਤੀ ਹੈ।

]

ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਅਧਿਆਦੇਸ਼ ਵਿਚ ਵਾਧਾ ।

30. ਆਡਿਟ ਦੀ ਲੋੜ ਨੂੰ ਮੁੱਖ ਰੱਖਦਿਆਂ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਹੋਈ ਕਿ ਖੇਡਾਂ ਨੂੰ ਉਤਸ਼ਾਹਿਤ ਕਰਨ ਹਿਤ ਖਿਡਾਰੀਆਂ ਨੂੰ ਇੰਨਸੈਂਟਿਵ ਦੇਣ ਲਈ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ, ਚੈਪਟਰ VI, ਪੰਨਾ 67

ਉੱਤੇ ਦਰਜ ਅਧਿਆਦੇਸ਼ ਵਿਚ **ਅੰਤਿਕਾ** ਅਨੁਸਾਰ ਵਾਧਾ ਕੀਤਾ ਜਾਵੇ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

ਨੋਟ:- ਸਿੰਡੀਕੇਟ ਦੀਆਂ ਇੱਕਤਰਤਾਵਾਂ ਮਿਤੀ 8.9.2006 ਦੇ ਪੈਰਾ 23(II), 3.12.2009 ਦੇ ਪੈਰਾ 29 ਅਤੇ 24.5.2010 ਦੇ ਪੈਰਾ 33 ਰਾਹੀਂ ਖੇਡਾਂ ਨੂੰ ਉਤਸ਼ਾਹਿਤ ਕਰਨ ਹਿਤ ਖਿਡਾਰੀਆਂ ਨੂੰ ਇੰਨਸੈਂਟਿਵ ਦੇਣ ਦਾ ਨਿਰਣਾ ਲਿਆ ਗਿਆ ਸੀ। ਆਡਿਟ ਦੀ ਰਾਏ ਹੈ ਕਿ ਜੇ ਕਰ ਸਿੰਡੀਕੇਟ ਦੇ ਫੈਸਲਿਆਂ ਅਨੁਸਾਰ ਨੀਤੀ ਅਪਣਾਈ ਜਾਣੀ ਹੈ ਤਾਂ ਇਸ ਸਬੰਧੀ ਯੂਨੀਵਰਸਿਟੀ ਕੈਲੰਡਰ ਵਿਚ ਸੋਧ ਕੀਤੀ ਜਾਵੇ।

**ਪਾਸ ਹੋਇਆ** ਕਿ ਖੇਡਾਂ ਨੂੰ ਉਤਸ਼ਾਹਿਤ ਕਰਨ ਹਿਤ ਖਿਡਾਰੀਆਂ ਨੂੰ ਇੰਨਸੈਂਟਿਵ ਦੇਣ ਲਈ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ, ਚੈਪਟਰ VI, ਪੰਨਾ 67 ਉੱਤੇ ਦਰਜ ਅਧਿਆਦੇਸ਼ ਵਿਚ **ਅੰਤਿਕਾ** ਅਨੁਸਾਰ ਵਾਧਾ ਕੀਤਾ ਜਾਂਦਾ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਅਨੀਤਾ | Study of Scholastic Achievement in relation to Cognitive and Non-Cognitive Variables. | ਐਜੂਕੇਸ਼ਨ- ਐਜੂਕੇਸ਼ਨ ਫੈਕਲਟੀ। |
| 2. | ਦੀਪਕ | Human-Values in Nagrarjun's Poetry. | ਹਿੰਦੀ- ਲੈਂਗੂਏਜਿਜ਼ ਫੈਕਲਟੀ। |
| 3. | ਹਰੀਸ਼ ਚੰਦਰ ਪਾਲ | Evaluation of Inula racemosa Hook f. (Roots) and Sida acuta Burm. f. (Aerial Parts) for their Anticancer Potential. | ਬਾਇਓ-ਟੈਕਨਾਲੋਜੀ- ਲਾਈਫ ਸਾਇੰਸਜ਼ ਫੈਕਲਟੀ। |
| 4. | ਤੇਜਪਾਲ ਗਿੱਲ | Expression Studies of Some Genes Encoding Antioxidant Enzymes in Arabidopsis thaliana. | - ਉਹੀ - |
| 5. | ਹਰਦੇਵ ਸਿੰਘ | A comparative Study of Eulogistic works of Bhatts, Bhai Gurdas and Bhai Nand Lal (With Specific Reference to the Sikh Gurus). | ਪਰਸ਼ੀਅਨ- ਲੈਂਗੂਏਜ਼ਿਜ਼ ਫੈਕਲਟੀ। |
| 6. | ਜਤਿੰਦਰ ਕੌਰ | Design and Synthesis of Acridone and Barbituric Acid Derivatives: Enzyme and Cell Based Evaluations for Multi Drug Resistance Modulation. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 7. | ਆਤਮਾ ਸਿੰਘ | ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਲੋਕਧਾਰਾ ਦਾ ਅਧਿਐਨ। | ਪੰਜਾਬੀ - ਲੈਗੂਏਜ਼ਿਜ ਫ਼ੈਕਲਟੀ। |

| | | |
|---|---|---|
| 8. ਬਿਲਾਲ ਅਹਿਮਦ ਮੀਰ | Characterization of Genetic Variability in Withania somnifera (L.) Dunal using Biochemical and Molecular Markers. | ਬੋਟਨੀ- ਲਾਈਫ਼ ਸਾਇੰਸਜ਼ ਫ਼ੈਕਲਟੀ। |
| 9. ਮਨੀਤ ਗਿੱਲ | Ownership Pattern, Capital Structure and Efficiency of Firms in India- An Empirical Analysis. | ਇਕਨਾਮਿਕਸ- ਇਕਨਾਮਿਕਸ ਤੇ ਬਿਜਨੈਸ ਫ਼ੈਕਲਟੀ। |
| 10. ਪਰਮਾਰ ਨਿਰਪਜੀਤ | Reconstructing Gender Identities from Sikh Literature(1500-1920) | ਹਿਸਟਰੀ- ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ। |
| 11. ਡੇਜ਼ੀ ਪਾਲ | Studies on the Medicinal Flora of Amritsar District. | ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼- ਲਾਈਫ਼ ਸਾਇੰਸਜ਼ ਫ਼ੈਕਲਟੀ। |
| 12. ਐਮ. ਵੇਨਕਟ ਰੈਡੀ | Design and Synthesis of Biologically Active Compounds and their Structure Activity Relationship Studies. | ਕੈਮਿਸਟਰੀ- ਸਾਇੰਸਜ਼ ਫੈਕਲਟੀ। |
| 13. ਟੀ. ਨਿਰੰਜਨ | Synthesis of Biologically Active Compounds and Developments of New Synthetic Methodologies. | - ਉਹੀ - |

**ਵਾਈਸ-ਚਾਂਸਲਰ ਸਾਹਿਬ ਦਾ ਬਿਆਨ।**

32. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਵਾਈਸ-ਚਾਂਸਲਰ ਸਾਹਿਬ ਨੇ ਦਸਿਆ ਕਿ:-

1. ਮਾਨਯੋਗ ਪ੍ਰਧਾਨ ਮੰਤਰੀ ਜੀ ਦੀ ਘੋਸ਼ਣਾ ਅਧੀਨ ਯੂਨੀਵਰਸਿਟੀ ਵਿਖੇ Centre on Studies in Sri Guru Granth Sahib ਨੇ ਅਪ੍ਰੈਲ 1, 2011 ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

2. ਸਕੂਲ ਆਫ ਸ਼ੋਸ਼ਲ ਸਾਇੰਸਜ਼ ਦੇ ਤਿੰਨ ਵਿਦਿਆਰਥੀਆਂ ਨੇ Civil Services Examination ਵਿਚ ਸਫਲਤਾ ਹਾਸਲ ਕੀਤੀ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਤਿੰਨ ਵਿਦਿਆਰਥੀਆਂ ਵਿਚੋਂ ਦੋ ਨੇ ਆਪਣੇ ਪਹਿਲੇ ਯਤਨ ਵਿਚ ਹੀ ਇਹ ਸਫਲਤਾ ਹਾਸਲ ਕੀਤੀ ਹੈ।

3. ਯੂਨੀਵਰਸਿਟੀ ਦੇ ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਮਾਰਚ 2011 ਤੋਂ ਹੁਣ ਤੱਕ ਬੈਚ 2011 ਦੇ 30 ਵਿਦਿਆਰਥੀਆਂ ਨੂੰ ਵੱਖ ਵੱਖ ਕੰਪਨੀਆਂ ਦੁਆਰਾ ਰੋਜ਼ਗਾਰ ਦੀ ਪੇਸ਼ਕਸ਼ ਕੀਤੀ ਗਈ ਹੈ।

4. ਯੂਨੀਵਰਸਿਟੀ ਗਰਾਂਟਸ ਕਮਿਸ਼ਨ, ਨਵੀਂ ਦਿੱਲੀ ਵੱਲੋਂ ਯੂਨੀਵਰਸਿਟੀ ਦੇ ਗਣਿਤ ਵਿਭਾਗ ਦੇ ਪ੍ਰੋਫੈਸਰ ਅਮੈਰੀਟਸ, ਡਾ. ਟੀ.ਡੀ. ਨਾਰੰਗ ਨੂੰ Approximation in Abstract Spaces ਵਿਸ਼ੇ 'ਤੇ ਖੋਜ ਕਰਨ ਲਈ 10 ਲੱਖ 98 ਹਜ਼ਾਰ ਰੁਪਏ ਦਾ ਇਕ ਖੋਜ ਪ੍ਰੋਜੈਕਟ ਦਿੱਤਾ ਗਿਆ ਹੈ।

5. ਯੂਨੀਵਰਸਿਟੀ ਦੀ ਫੈਕਲਟੀ ਆਫ ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਦੇ ਡੀਨ, ਪ੍ਰੋਫੈਸਰ ਜਸਪਾਲ ਸਿੰਘ ਨੂੰ ਯੂ.ਏ.ਈ. ਅਜਮਨ ਦੀ ਗਲਫ ਮੈਡੀਕਲ ਯੂਨੀਵਰਸਿਟੀ ਵੱਲੋਂ ਛਪਾਏ ਜਾਂਦੇ ਗਲਫ ਮੈਡੀਕਲ ਜਨਰਲ ਦੇ ਬੋਰਡ ਦੇ ਸਲਾਹਕਾਰ ਵਜੋਂ ਨਿਯੁਕਤ ਕੀਤਾ ਗਿਆ ਹੈ।

6. ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਸਕੂਲ; ਹਿਊਮਨ ਜੈਨੇਟਿਕਸ ਵਿਭਾਗ; ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਵਿਭਾਗ; ਇਤਿਹਾਸ ਵਿਭਾਗ; ਬੋਟਾਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ; ਗੁਰੂ ਨਾਨਕ ਅਧਿਐਨ ਵਿਭਾਗ; ਪੰਜਾਬ ਸਕੂਲ ਆਫ ਇਕਨਾਮਿਕਸ; ਸਕੂਲ ਆਫ ਸੋਸ਼ਲ ਸਾਇੰਸਜ਼; ਕਾਨੂੰਨ ਵਿਭਾਗ ਅਤੇ ਹਿੰਦੀ ਵਿਭਾਗ ਵੱਲੋਂ ਮਾਰਚ 2011 ਦੌਰਾਨ ਕਾਨਫਰੰਸ/ ਵਰਕਸ਼ਾਪ/ ਸੈਮੀਨਾਰ ਆਯੋਜਿਤ ਕੀਤੇ ਗਏ।

7. ਪੰਜਾਬੀ ਅਧਿਐਨ ਸਕੂਲ ਵੱਲੋਂ 17 ਮਾਰਚ ਨੂੰ ਡਾ. ਗੋਪਾਲ ਸਿੰਘ ਪੁਰੀ ਮੈਮੋਰੀਅਲ ਲੈਕਚਰ; 29 ਮਾਰਚ ਨੂੰ ਮਹਾਂ ਸਿੰਘ ਢੇਸੀ ਮੈਮੋਰੀਅਲ ਲੈਕਚਰ ਅਤੇ 30 ਮਾਰਚ ਨੂੰ ਡਾ. ਪਰਮਜੀਤ ਸਿੰਘ ਵਾਲੀਆ ਮੈਮੋਰੀਅਲ ਲੈਕਚਰ ਆਯੋਜਿਤ ਕੀਤੇ ਗਏ।

8. ਮਾਈਕ੍ਰੋਬਿਆਲੋਜੀ ਵਿਭਾਗ ਵੱਲੋਂ ਮਿਤੀ 21 ਅਪ੍ਰੈਲ, 2011 ਨੂੰ ਸਰਦਾਰ ਜਸਵੰਤ ਸਿੰਘ ਰਾਏ ਯਾਦਗਾਰੀ ਭਾਸ਼ਨ ਕਰਵਾਇਆ ਗਿਆ।

9. ਪੋਲੀਟੀਕਲ ਸਾਇੰਸ ਵਿਭਾਗ ਵੱਲੋਂ 28 ਮਾਰਚ ਨੂੰ Justice M.S.A. Siddiqui, Chairman, National Commission for Minority Educational Institutions, Government of India ਦਾ Educational Rights of the Minorities ਵਿਸ਼ੇ 'ਤੇ ਲੈਕਚਰ ਆਯੋਜਿਤ ਕੀਤਾ ਗਿਆ।

10. ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਯੂ.ਜੀ.ਸੀ. ਦੇ ਅਹਿਮਦਾਬਾਦ ਸਥਿਤ ਇਨਫਰਮੇਸ਼ਨ ਲਾਇਬ੍ਰੇਰੀ ਨੈਟਵਰਕ ਵੱਲੋਂ ਸਾਂਝੇ ਤੌਰ ਤੇ 6 ਮਈ ਨੂੰ ਇਸ ਯੂਨੀਵਰਸਿਟੀ ਵਿਖੇ ਇਕ ਰੋਜ਼ਾ ਈ-ਰੀਸੋਰਸਸ ਬਾਰੇ ਜਾਗ੍ਰਿਤੀ ਪ੍ਰੋਗਰਾਮ ਆਯੋਜਿਤ ਕੀਤਾ ਗਿਆ।
11. ਯੂਨੀਵਰਸਿਟੀ ਵੱਲੋਂ ਨੈਸ਼ਨਲ ਅਤੇ ਨਾਰਥ ਜ਼ੋਨ ਅੰਤਰ-ਯੂਨੀਵਰਸਿਟੀ ਯੂਥ ਫੈਸਟੀਵਲ ਦੇ ਜੇਤੂ ਵਿਦਿਆਰਥੀ ਕਲਾਕਾਰਾਂ ਨੂੰ ਸਨਮਾਨਿਤ ਕਰਨ ਲਈ 17 ਮਾਰਚ ਨੂੰ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ।

12. ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਵੱਲੋਂ ਯੂਨੀਵਰਸਿਟੀ ਸਟੂਡੈਂਟਸ ਹੋਲੀਡੇ ਹੋਮ, ਡਲਹੋਜ਼ੀ ਵਿਖੇ 2 ਤੋਂ 8 ਮਈ ਤੱਕ ਲੜਕੀਆਂ ਲਈ ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ ਲਾਇਆ ਗਿਆ।

13. ਯੂਨੀਵਰਸਿਟੀ ਦਾ 41ਵਾਂ ਸਲਾਨਾ ਖੇਡ ਇਨਾਮ ਵੰਡ ਸਮਾਗਮ ਮਾਰਚ 30, 2011 ਨੂੰ ਆਯੋਜਿਤ ਕੀਤਾ ਗਿਆ, ਜਿਸ ਵਿਚ ਅੰਤਰ-ਰਾਸ਼ਟਰੀ, ਰਾਸ਼ਟਰੀ ਅਤੇ ਆਲ ਇੰਡੀਆ ਵਰਸਿਟੀ ਪੱਧਰ ਤੇ ਵੱਖ-ਵੱਖ ਖੇਡਾਂ ਵਿਚ ਯੂਨੀਵਰਸਿਟੀ ਦਾ ਨਾਂ ਰੋਸ਼ਨ ਕਰਨ ਵਾਲੇ ਲਗਭਗ 300 ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਖਿਡਾਰੀਆਂ ਨੂੰ 22 ਲੱਖ ਰੁਪਏ ਦਾ ਨਕਦ ਇਨਾਮ ਅਤੇ ਟਰਾਫੀਆਂ ਪ੍ਰਦਾਨ ਕੀਤੀਆਂ ਗਈਆਂ।

14. ਯੂਨੀਵਰਸਿਟੀਆਂ ਦੇ Department of Physical Education (AT) ਦੀਆਂ ਹੇਠ ਲਿਖੇ ਅਨੁਸਾਰ ਗਤੀਵਿਧੀਆਂ/ ਪ੍ਰਾਪਤੀਆਂ ਵਿਸ਼ੇਸ਼ ਹਨ:-

(ੳ) ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਇਸਤਰੀਆਂ ਅਤੇ ਮਰਦਾਂ ਦੀਆਂ ਟੀਮਾਂ ਨੇ ਆਲ ਇੰਡੀਆ ਇੰਟਰ-ਯੂਨੀਵਰਸਿਟੀ ਚੈਂਪੀਅਨਸ਼ਿਪ ਖੇਡਾਂ ਦੇ 9 ਵਰਗਾਂ ਵਿਚ ਪਹਿਲੀ ਪੁਜੀਸ਼ਨ; 8 ਵਿਚ ਉਪ-ਵਿਜੇਤਾ; 6 ਵਿਚ ਤੀਜੀ ਅਤੇ 4 ਵਰਗਾਂ ਵਿਚ ਚੌਥੀ ਪੁਜੀਸ਼ਨ ਹਾਸਲ ਕੀਤੀ ਹੈ।

(ਅ) ਯੂਨੀਵਰਸਿਟੀ ਦੇ ਉਘੇ ਸ਼ੂਟਰ, ਅਮਨਪ੍ਰੀਤ ਸਿੰਘ ਨੇ ਸਿਡਨੀ, ਆਸਟ੍ਰੇਲੀਆ ਵਿਖੇ 21-30 ਮਾਰਚ, 2011 ਨੂੰ ਹੋਈ ISSF World

Cup Pistol Shooting Campionship ਅਤੇ 11-19 ਅਪ੍ਰੈਲ, 2011 ਨੂੰ Changwon (Korea) ਵਿਖੇ ਹੋਈ ISSF World Cup Pistol Shooting Championship ਵਿਚ ਹਿੱਸਾ ਲਿਆ। ਇਸ ਤੋਂ ਇਲਾਵਾ 14-22 ਮਈ, 2011 ਨੂੰ Fort Benning (USA) ਵਿਖੇ ਅਤੇ 16 ਤੋਂ 23 ਜੂਨ, 2011 ਨੂੰ Munich (Germany) ਵਿਖੇ ਹੋ ਰਹੀ ISSF World Cup Pistol Shooting Championship ਵਿਚ ਹਿੱਸਾ ਲੈਣ ਲਈ Indian Shooting Teams ਵਿਚ ਵੀ ਉਸ ਦੀ ਚੋਣ ਹੋਈ ਹੈ।

(ੲ) ਯੂਨੀਵਰਸਿਟੀ ਦੀ International Archer ਸੀਮਾ ਵਰਮਾ ਨੇ Porec, Croatia ਵਿਖੇ ਮਿਤੀ 2-7 ਮਈ, 2011 ਨੂੰ ਹੋਏ Ist Series World Cup Archery Tournament ਵਿਚ ਹਿੱਸਾ ਲਿਆ। ਸੀਮਾ ਵਰਮਾ ਦਾ World Cup Tournament ਵਿਚ ਸੱਤਵੀਂ ਰੈਂਕਿੰਗ ਸੀ।

(ਸ) ਯੂਨੀਵਰਸਿਟੀ ਦੀ ਅੰਤਰ-ਰਾਸ਼ਟਰੀ ਖਿਡਾਰਣ ਹਰਮਨਪ੍ਰੀਤ ਕੌਰ ਨੇ ਵੈਸਟ ਇੰਡੀਜ਼ ਵਿਖੇ 10-19 ਜਨਵਰੀ, 2011 ਨੂੰ ਹੋਈ ਇਕ ਦਿਨਾ ਅੰਤਰ-ਰਾਸ਼ਟਰੀ ਕ੍ਰਿਕੇਟ ਸੀਰੀਜ਼ ਵਿਚ ਹਿੱਸਾ ਲਿਆ। ਇਸ ਖਿਡਾਰਣ ਨੇ ਵੈਸਟ ਇੰਡੀਜ਼ ਵਿਰੁੱਧ 22-24 ਜਨਵਰੀ, 2011 ਨੂੰ ਅਹਿਮਦਾਬਾਦ ਵਿਖੇ ਹੋਈ T-20 Series ਵਿਚ ਵੀ ਹਿੱਸਾ ਲਿਆ।

(ਹ) Olympics/Asiad/Commonwealth/World Universidade/ Youth Olympics/ National and such other International Events ਵਿਚ ਯੂਨੀਵਰਸਿਟੀ ਦੇ ਮੈਡਲ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਮੁਫਤ ਪੜਾਈ ਦੀ ਸਹੂਲਤ ਦੇਣ ਲਈ ਸਕੀਮ ਤਿਆਰ ਕਰਨ ਵਾਸਤੇ ਯੂ.ਜੀ.ਸੀ. ਵੱਲੋਂ ਪ੍ਰੋਫੈਸਰ ਕੰਵਲਜੀਤ ਸਿੰਘ, ਡਾਇਰੈਕਟਰ ਸਪੋਰਟਸ ਦੀ ਚੇਅਰਮੈਨਸ਼ਿਪ ਅਧੀਨ ਇਕ Expert Committee ਬਣਾਈ ਗਈ ਹੈ।

ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।

33. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇਕੱਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸ੍ਰੀ ਹਰੇਸ਼ ਕੁਮਾਰ, ਆਰਚਰੀ ਕੋਚ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

34. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਹਰੇਸ਼ ਕੁਮਾਰ, ਆਰਚਰੀ ਕੋਚ, ਫ਼ਿਜੀਕਲ ਐਜੂਕੇਸ਼ਨ ਵਿਭਾਗ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 1.3.2011 ਤੋਂ 29.2.2012 ਤੱਕ ਇਕ ਸਾਲ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਹੈ।

ਹਾਊਸ ਅਲਾਟਮੈਂਟ ਕਮੇਟੀ ਦੀ ਨਿਯੁਕਤੀ ਕਰਨ ਦੇ ਅਧਿਕਾਰ ਵਾਈਸ-ਚਾਂਸਲਰ

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 241 ਉਤੇ ਰੈਗੂਲੇਸ਼ਨ 4 ਅਨੁਸਾਰ ਮਿਤੀ 1.7.2011 ਤੋਂ 30.6.2013 ਤੱਕ, ਦੋ

ਸਾਹਿਬ ਨੂੰ ਦਿੱਤੇ ਗਏ।

ਸਾਲ ਲਈ ਹਾਊਸ ਅਲਾਟਮੈਂਟ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਮੁਲਤਵੀ (deferred) ਕੀਤੀ ਗਈ ਮੱਦ।

36. ਹੇਠ ਲਿਖੀ ਮੱਦ ਮੁਲਤਵੀ (deferred) ਕੀਤੀ ਗਈ:-

" ਅਕਾਦਮਿਕ ਕੌਂਸਲ ਦੀ ਇਕੱਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕਰਨੀ ਜਿਸ ਰਾਹੀਂ ਉਨ੍ਹਾਂ ਨੇ ਸਬੰਧਤ ਪਾਠ ਸਿੱਖਿਆ ਬੋਰਡ ਦੇ ਚੇਅਰਮੈਨ ਅਤੇ ਡੀਨ ਫ਼ੈਕਲਟੀ ਦੇ ਸੁਝਾਅ ਅਨੁਸਾਰ ਐਮ.ਐਸ.ਸੀ.(ਨੈਟਵਰਕ ਅਤੇ ਪ੍ਰੋਟੋਕੋਲ ਡਿਜ਼ਾਈਨ) ਸਮੈਸਟਰ ਸਿਸਟਮ; ਐਮ.ਐਸ.ਸੀ.(ਕੰਪਿਊਟਰ ਸਾਇੰਸ) ਅਤੇ ਐਮ.ਐਸ.ਸੀ. (ਇਨਫਰਮੇਸ਼ਨ ਟੈਕਨਾਲੋਜੀ) ਸਮੈਸਟਰ ਪ੍ਰਣਾਲੀ ਅਤੇ ਸਲਾਨਾ ਪ੍ਰਣਾਲੀ ਅਧੀਨ ਕੋਰਸਾਂ ਦੇ ਅਧਿਆਦੇਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੇ ਹਨ।"

ਸਬੰਧਤ ਕਾਲਜਾਂ ਨੂੰ ਪਰਦਾਨ ਕੀਤੀ ਆਰਜੀ ਸਬੰਧਤਾ ਵਾਪਸ ਲੈਣ ਲਈ NCTE ਨੂੰ ਰਿਪੋਰਟ ਕਰਨ ਦੀ ਪਰਵਾਨਗੀ।

37. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਐਜੂਕੇਸ਼ਨ ਕਾਲਜਾਂ ਦੇ ਸਪੈਸ਼ਲ ਨਿਰੀਖਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਨਿਰੀਖਣ ਕਮੇਟੀਆਂ ਦੀਆਂ ਰਿਪੋਰਟਾਂ ਨੂੰ ਮੁੱਖ ਰੱਖਦਿਆਂ ਸਬੰਧਤ ਕਾਲਜਾਂ ਨੂੰ ਪਰਦਾਨ ਕੀਤੀ ਆਰਜੀ ਸਬੰਧਤਾ ਵਾਪਸ ਲੈਣ ਲਈ NCTE ਨੂੰ ਰਿਪੋਰਟ ਕਰਨ ਅਤੇ ਗੈਰ ਹਾਜਰ ਅਧਿਆਪਕਾਂ ਨੂੰ ਦਿੱਤੀ ਗਈ ਅਪਰੂਵਲ ਵਾਪਸ ਲੈਣ (**ਅੰਤਿਕਾਵਾਂ** ਅਨੁਸਾਰ) ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

ਕ੍ਰਮ ਨੰ: ਕਾਲਜ ਦਾ ਨਾਮ

1. ਗੋਲਡਨ ਕਾਲਜ ਆਫ ਐਜੂਕੇਸ਼ਨ, ਗੁਰਦਾਸਪੁਰ।
2. ਚਾਚਾ ਸਤਿਆ ਪਾਲ ਤੁੱਲੀ ਮੈਮੋਰੀਅਲ ਕਾਲਜ ਆਫ ਐਜੂਕੇਸ਼ਨ, ਰਾਏਪੁਰ, ਪਠਾਨਕੋਟ।
3. ਆਕਰਸ਼ਨ ਕਾਲਜ ਆਫ ਐਜੂਕੇਸ਼ਨ, ਦੀਨਾ ਨਗਰ, ਗੁਰਦਾਸਪੁਰ।
4. ਐਸ.ਐਸ. ਕਾਲਜ ਆਫ ਐਜੂਕੇਸ਼ਨ, ਦੀਨਾ ਨਗਰ, ਗੁਰਦਾਸਪੁਰ।

ਬਾਬਾ ਮੇਹਰ ਸਿੰਘ ਕਾਲਜ ਆਫ ਐਜੂਕੇਸ਼ਨ ਵਿਰੁੱਧ ਉਣਤਾਈਆਂ ਸਬੰਧੀ NCTE ਨੂੰ ਰਿਪੋਰਟ ਕਰਨ ਦੀ ਪਰਵਾਨਗੀ।

38. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਬਾਬਾ ਮੇਹਰ ਸਿੰਘ ਕਾਲਜ ਆਫ ਐਜੂਕੇਸ਼ਨ, ਗੁਰਦਾਸਪੁਰ ਦੇ ਸਪੈਸ਼ਲ ਨਿਰੀਖਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਨਿਰੀਖਣ ਕਮੇਟੀ ਵੱਲੋਂ ਉਕਤ ਕਾਲਜ ਵਿਖੇ ਪਾਈਆਂ ਗਈਆਂ ਉਣਤਾਈਆਂ ਨੂੰ ਮੁੱਖ ਰੱਖਦੇ ਹੋਏ NCTE ਨੂੰ ਰਿਪੋਰਟ ਕਰਨ ਅਤੇ ਗੈਰ-ਹਾਜਰ ਅਧਿਆਪਕਾਂ ਨੂੰ ਦਿੱਤੀ ਗਈ ਅਪਰੂਵਲ ਵਾਪਸ ਲੈਣ (**ਅੰਤਿਕਾ** ਅਨੁਸਾਰ) ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਅਮਨ ਭੱਲਾ ਕਾਲਜ ਆਫ ਐਜੂਕੇਸ਼ਨ, ਪਠਾਨਕੋਟ ਨੂੰ ਪਰਦਾਨ ਕੀਤੀ ਗਈ ਆਰਜੀ ਸਬੰਧਤਾ ਵਾਪਸ ਲੈਣ ਲਈ NCTE ਨੂੰ ਰਿਪੋਰਟ ਕਰਨ ਦੀ ਪਰਵਾਨਗੀ।**

39. ਅਮਨ ਭੱਲਾ ਕਾਲਜ ਆਫ ਐਜੂਕੇਸ਼ਨ, ਪਠਾਨਕੋਟ ਦਾ ਸਪੈਸ਼ਲ ਨਿਰੀਖਣ ਲਈ ਨਿਰੀਖਣ ਕਮੇਟੀ ਦੀ ਰਿਪੋਰਟ (**ਅੰਤਿਕਾ** ਅਨਸੁਾਰ) ਨੂੰ ਮੁੱਖ ਰੱਖਦਿਆਂ ਕਾਲਜ ਵਿਖੇ ਪਾਈਆਂ ਗਈਆਂ ਉਣਤਾਈਆਂ ਕਾਰਣ ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਕਤ ਕਾਲਜ ਨੂੰ ਪਰਦਾਨ ਕੀਤੀ ਆਰਜੀ ਸਬੰਧਤਾ ਵਾਪਸ ਲੈਣ ਲਈ NCTE ਨੂੰ ਰਿਪੋਰਟ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਪਠਾਨਕੋਟ ਕਾਲਜ ਆਫ ਐਜੂਕੇਸ਼ਨ, ਮਾਮੂਨ (ਪਠਾਨਕੋਟ) ਵਿਖੇ ਊਣਤਾਈਆਂ ਬਾਰੇ NCTE ਨੂੰ ਰਿਪੋਰਟ ਕਰਨ ਦੀ ਪਰਵਾਨਗੀ।**

40. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪਠਾਨਕੋਟ ਕਾਲਜ ਆਫ ਐਜੂਕੇਸ਼ਨ, ਮਾਮੂਨ (ਪਠਾਨਕੋਟ) ਦਾ ਸਪੈਸ਼ਲ ਨਿਰੀਖਣ ਕਰਨ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਨਿਰੀਖਣ ਕਮੇਟੀ ਵੱਲੋਂ ਉਕਤ ਕਾਲਜ ਵਿਖੇ ਪਾਈਆਂ ਗਈਆਂ ਊਣਤਾਈਆਂ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦੇ ਹੋਏ NCTE ਨੂੰ ਰਿਪੋਰਟ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਐਮ.ਐਸ.ਸੀ. (ਮਾਈਕ੍ਰੋਬਿਆਲੋਜੀ) ਦੀ ਵਿਦਿਆਰਥਣ- ਰਾਜਜੀਤ ਕੌਰ ਨੂੰ ਜੁਰਮਾਨਾ ਫੀਸ ਸਹਿਤ ਪ੍ਰੋਜੈਕਟ ਰਿਪੋਰਟ ਜਮਾਂ ਕਰਾਉਣ ਦੀ ਪਰਵਾਨਗੀ।**

41. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2004-06 ਦੌਰਾਨ ਐਮ.ਐਸ.ਸੀ. (ਮਾਈਕ੍ਰੋਬਿਆਲੋਜੀ) ਚੌਥਾ ਸਮੈਸਟਰ ਦੀ ਵਿਦਿਆਰਥਣ- ਰਾਜਜੀਤ ਕੌਰ, ਰੋਲ ਨੰ: 5415, ਨੂੰ ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਸਹਿਤ ਮਿਤੀ 31.7.2011 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਦੀ ਹੈ।

**ਅਧਿਆਪਕਾਂ ਦੇ ਸਟੱਡੀ ਲੀਵ ਕੇਸਾਂ ਲਈ ਐਡਵਾਈਜ਼ਰੀ ਕਮੇਟੀ ਗਠਿਤ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

42. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 73 ਉਤੇ ਸਟੈਚਿਊਟ 91(ii) ਅਧੀਨ ਅਧਿਆਪਕਾਂ ਦੇ ਸਟੱਡੀ ਲੀਵ ਕੇਸਾਂ ਨੂੰ ਵਿਚਾਰਨ ਹਿਤ ਮਿਤੀ 1.7.2011 ਤੋਂ 30.6.2012 ਤੱਕ, ਇਕ ਸਾਲ ਲਈ ਐਡਵਾਈਜ਼ਰੀ ਕਮੇਟੀ ਸੰਗਠਿਤ ਕਰਨ ਦੇ ਅਧਿਕਾਰ ਵਾਈਸ-ਚਾਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਕਰੈਡਿਟ ਬੇਸਡ ਕੋਰਸਾਂ ਅਤੇ ਪ੍ਰੀ-ਪੀ.ਐਚ.ਡੀ. ਕੋਰਸ ਵਰਕ ਦੇ ਫੇਲ ਵਿਦਿਆਰਥੀਆਂ ਨੂੰ 10000/- ਰੁਪਏ ਪ੍ਰਤੀ ਵਿਸ਼ੇ ਦੇ ਹਿਸਾਬ ਨਾਲ ਸਮਰ ਕੋਰਸ ਕਰਨ ਦੀ ਆਗਿਆ।**

43. ਵਿਚਾਰ ਉਪਰੰਤ

**ਪਾਸ ਹੋਇਆ** ਕਿ ਕਰੈਡਿਟ ਬੇਸਡ ਕੋਰਸਾਂ ਵਿਚ ਫੇਲ ਹੋਏ ਵਿਦਿਆਰਥੀ, ਜੋ ਇਹ ਕੋਰਸ ਪਾਸ ਹੋਣ ਲਈ ਰਪੀਟ ਕਰਨਾ ਚਾਹੁੰਦੇ ਹਨ, ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਸਮਰ ਟਰਮ ਵਿਚ ਕੋਰਸ ਕਰਨ ਲਈ ਪ੍ਰਤੀ ਵਿਸ਼ਾ 10000/- ਰੁਪਏ ਦੇ ਹਿਸਾਬ ਨਾਲ ਇਸ ਸ਼ਰਤ ਤੇ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ ਕਿ ਇਕ ਕੋਰਸ ਵਿਚ ਘੱਟ ਤੋਂ ਘੱਟ 5 ਵਿਦਿਆਰਥੀ ਜਰੂਰ ਹੋਣਗੇ।

ਇਸੇ ਤਰ੍ਹਾਂ, ਜੋ ਵਿਦਿਆਰਥੀ Pre- Ph.D. ਦੇ ਕੋਰਸ ਵਿਚ ਫੇਲ ਹਨ ਜਾਂ ਨਵੇਂ ਕੋਰਸ ਕਰਨਾ ਚਾਹੁੰਦੇ ਹਨ, ਨੂੰ ਵੀ ਸਮਰ ਟਰਮ ਵਿਚ ਕੋਰਸ ਕਰਨ ਦੀ ਅਤੇ ਉਸ ਤੋਂ ਬਾਅਦ Autumn/ Spring ਸਮੈਸਟਰ ਵਿਚ ਨਵੇਂ ਕੋਰਸ ਕਰਨ ਦੀ

10000/- ਰੁਪਏ ਪ੍ਰਤੀ ਵਿਸ਼ਾ ਦੇ ਹਿਸਾਬ ਨਾਲ ਇਸ ਸ਼ਰਤ ਤੇ ਕਰਨ ਦੀ ਆਗਿਆ ਦਿੱਤੀ ਜਾਂਦੀ ਹੈ ਕਿ ਇਕ ਕੋਰਸ ਵਿਚ ਘੱਟ ਤੋਂ ਘੱਟ 5 ਵਿਦਿਆਰਥੀ ਜਰੂਰ ਹੋਣਗੇ।

ਸ੍ਰੀ ਰਾਮ ਲਾਲ, ਕਾਰਪੈਂਟਰ (ਸੇਵਾ-ਮੁਕਤ) ਦੀ ਮੁੜ-ਨਿਯੁਕਤੀ ਦੀ ਪੁਸ਼ਟੀ।

44. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਰਾਮ ਲਾਲ, ਕਾਰਪੈਂਟਰ (ਸੇਵਾ-ਮੁਕਤ) ਉਸਾਰੀ ਵਿਭਾਗ ਨੂੰ ਹਾਜਰ ਹੋਣ ਦੀ ਮਿਤੀ ਤੋਂ 6 ਮਹੀਨੇ ਲਈ 8000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਕੰਟਰੈਕਟ ਆਧਾਰ ਤੇ ਬਤੌਰ ਕਾਰਪੈਂਟਰ ਮੁੜ-ਨਿਯੁਕਤ ਕੀਤਾ ਹੈ।

ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਸਥਾਪਤ ਮਾਡਲ ਕਾਲਜਾਂ ਨੂੰ ਸਬੰਧਤਾ ਪਰਦਾਨ ਕਰਨ ਦੀ ਪਰਵਾਨਗੀ।

45. ਮੱਦ ਨੰ: 45, 52, 53, 59 ਅਤੇ 60 ਇੱਕਠੀਆ ਪੜ੍ਹੀਆਂ ਗਈਆਂ।

ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂ.ਜੀ.ਸੀ. ਦੁਆਰਾ ਵਿਦਿਅਕ ਤੌਰ ਤੇ ਪਿਛੜੇ ਜਿਲਿਆਂ ਵਿਚ ਇਸ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਸਥਾਪਤ ਚਾਰ ਮਾਡਲ ਕਾਲਜਾਂ- ਮਿਠੜਾ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਕਪੂਰਥਲਾ; ਚੁੰਘ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਤਰਨ ਤਾਰਨ; ਨਰੋਟ ਜੈਮਲ ਸਿੰਘ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਗੁਰਦਾਸਪੁਰ ਅਤੇ ਵੇਰਕਾ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਵੇਰਕਾ, ਅੰਮ੍ਰਿਤਸਰ ਨੂੰ, ਹੇਠ ਲਿਖੇ ਨਾਵਾਂ ਅਨੁਸਾਰ, ਸਬੰਧਤਾ ਪਰਦਾਨ ਕੀਤੀ ਜਾਂਦੀ ਹੈ:-

1. ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ, ਕਪੂਰਥਲਾ।
2. ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਤਰਨ ਤਾਰਨ।
3. ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ, ਗੁਰਦਾਸਪੁਰ।
4. ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਅੰਮ੍ਰਿਤਸਰ।

ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਸਥਾਪਤ ਮਾਡਲ ਕਾਲਜਾਂ ਲਈ ਨੀਤੀ ਅਪਨਾਉਣ ਦੀ ਪਰਵਾਨਗੀ।

52. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂ.ਜੀ.ਸੀ. ਦੁਆਰਾ ਵਿਦਿਅਕ ਤੌਰ 'ਤੇ ਪਿਛੜੇ ਜਿਲਿਆਂ ਵਿਚ ਇਸ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਸਥਾਪਤ ਚਾਰ ਮਾਡਲ ਕਾਲਜਾਂ- ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ, ਕਪੂਰਥਲਾ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਤਰਨ ਤਾਰਨ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ, ਗੁਰਦਾਸਪੁਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਅੰਮ੍ਰਿਤਸਰ ਲਈ ਹੇਠ ਲਿਖੀ ਨੀਤੀ ਅਪਨਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

> "ਇਨ੍ਹਾਂ ਕਾਲਜਾਂ ਵਿਚ ਨਿਯੁਕਤ ਹੋਣ ਵਾਲਾ ਟੀਚਿੰਗ ਸਟਾਫ Non-transferable ਹੋਵੇਗਾ। ਯੂਨੀਵਰਸਿਟੀ ਕੈਂਪਸ ਵਿਖੇ ਮੌਜੂਦ ਨਾਨ-ਟੀਚਿੰਗ ਸਟਾਫ ਵਿਚੋਂ ਇਨ੍ਹਾਂ ਕਾਲਜਾਂ ਵਿਖੇ ਨਾਨ-ਟੀਚਿੰਗ ਅਮਲਾ ਡੈਪੂਟੇਸ਼ਨ ਤੇ ਭੇਜਿਆ ਜਾ ਸਕਦਾ ਹੈ।"

ਸਬੰਧਤ ਕਾਲਜਾਂ ਦੀ ਐਸੋਸੀਏਸ਼ਨ ਦੀ ਪਰਵਾਨਗੀ।

53. ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਕਾਲਜਾਂ ਦੀ ਟੀਚਿੰਗ ਅਤੇ ਨਾਨ-ਟੀਚਿੰਗ ਐਸੋਸੀਏਸ਼ਨ ਆਪਣੇ-ਆਪਣੇ ਕਾਲਜ ਵਿਚ ਵੱਖਰੀ ਹੋਵੇਗੀ ਅਤੇ ਇਨ੍ਹਾਂ ਐਸੋਸੀਏਸ਼ਨਾਂ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਟੀਚਰ ਐਸੋਸੀਏਸ਼ਨ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਨ-ਟੀਚਿੰਗ ਐਸੋਸੀਏਸ਼ਨ ਨਾਲ ਕੋਈ ਤੁਅਲਕ ਨਹੀਂ ਹੋਵੇਗਾ। ਇਹ ਕਾਲਜ ਆਪਣੀ ਐਸੋਸੀਏਸ਼ਨ ਆਪ ਬਣਾਉਣਗੇ:-

1. ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ, ਕਪੂਰਥਲਾ।
2. ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਤਰਨ ਤਾਰਨ।
3. ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ, ਗੁਰਦਾਸਪੁਰ।
4. ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਅੰਮ੍ਰਿਤਸਰ।
5. ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ।
6. ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ।

ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਸਥਾਪਤ ਨਵੇਂ ਕਾਨਸਟੀਚੂਐਂਟ ਕਾਲਜਾਂ ਦੇ ਵਿੱਤੀ ਮਾਮਲਿਆਂ ਅਤੇ ਪ੍ਰਬੰਧਕੀ ਢਾਂਚੇ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

59. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਵੱਲੋਂ ਚਾਰ ਨਵੇਂ ਕਾਨਸਟੀਚੂਐਂਟ ਕਾਲਜਾਂ - ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ; ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ; ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਨਰੋਟ ਜੈਮਲ ਸਿੰਘ ਦੇ ਵਿੱਤੀ ਮਾਮਲਿਆਂ ਅਤੇ ਪ੍ਰਬੰਧਕੀ ਢਾਂਚੇ ਸਬੰਧੀ ਵਿਚਾਰ ਹਿਤ ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਕਮੇਟੀ ਦੀ ਇੱਕਤਰਤਾ ਮਿਤੀ 16.5.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਚਾਰ ਨਵੇਂ ਕਾਂਸਟੀਚਿਊਐਂਟ ਕਾਲਜਾਂ ਵਿਚ ਫੀਸ ਸਟਰਕਚਰ ਲਾਗੂ ਕਰਨ ਦੀ ਪਰਵਾਨਗੀ।

60. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਖੋਲ੍ਹੇ ਜਾ ਰਹੇ ਚਾਰ ਨਵੇਂ ਕਾਂਸਟੀਚਿਊਐਂਟ ਕਾਲਜਾਂ ਵਿਚ ਪੰਜਾਬ ਸਰਕਾਰ ਦੇ ਸਰਕਾਰੀ ਕਾਲਜਾਂ ਵੱਲੋਂ ਚਾਰਜ ਕੀਤੀ ਜਾਂਦੀ ਫੀਸ ਦੇ ਪੈਟਰਨ (**ਅੰਤਿਕਾ**) ਅਨੁਸਾਰ ਫੀਸ ਸਟਰਕਚਰ ਲਾਗੂ ਕੀਤਾ ਜਾਂਦਾ ਹੈ।

ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 10.5.2011 ਦੀਆ ਸਿਫ਼ਾਰਸ਼ਾਂ ਦੀ ਪਰਵਾਨਗੀ।

46. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆ ਨੂੰ ਮੁੱਖ ਰੱਖਦਿਆ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 10.5.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ, (II) ਤੋਂ ਬਿਨ੍ਹਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

**ਰੈਗੂਲੇਸ਼ਨਜ਼ ਕਮੇਟੀ ਦੀ ਨਿਯੁਕਤੀ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

47. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਚੌਥੀ ਦੇ ਪੰਨਾ 1 ਉੱਤੇ ਅਧਿਆਦੇਸ਼ 1 ਅਨੁਸਾਰ ਮਿਤੀ 1.7.2011 ਤੋਂ 30.6.2012 ਤੱਕ, ਇਕ ਸਾਲ ਲਈ ਰੈਗੂਲੇਸ਼ਨਜ਼ ਕਮੇਟੀ ਨਿਯੁਕਤ ਕਰਨ ਦੇ ਅਧਿਕਾਰ ਵਾਈਸ-ਚਾਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਬਾਇਓਟੈਕਨਾਲੋਜੀ ਵਿਭਾਗ ਦੇ ਨਕਾਰਾ ਅਤੇ ਨਾ-ਮੁਰੰਮਤ ਯੋਗ ਯੰਤਰ ਵੱਟੇ ਖਾਤੇ ਪਾਉਣ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।**

48. ਵਿਚਾਰ ਉਪਰੰਤ

**ਪਾਸ ਹੋਇਆ** ਕਿ ਬਾਇਓਟੈਕਨਾਲੋਜੀ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 2,28,118 ਰੁਪਏ ਕੀਮਤ ਦੇ ਯੰਤਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 28.4.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਤਰੁੱਟੀ ਪੱਤਰ, ਰੋਲ ਨੰ:, ਡੀ.ਐਮ.ਸੀ. ਅਤੇ ਡਿਗਰੀਆਂ ਆਦਿ ਭੇਜਣ ਸਬੰਧੀ ਕਮੇਟੀ ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

49. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵੱਖ-ਵੱਖ ਪ੍ਰੀਖਿਆਵਾਂ ਵਿਚ ਪ੍ਰਵੇਸ਼ ਹੋਣ ਵਾਲੇ ਵਿਦਿਆਰਥੀਆਂ ਨੂੰ ਤਰੁੱਟੀ ਪੱਤਰ (discrepancy letters), ਰੋਲ ਨੰ:, ਡੀ.ਐਮ.ਸੀ. ਅਤੇ ਡਿਗਰੀਆਂ ਆਦਿ ਭੇਜਣ ਹਿਤ ਗਠਿਤ ਕਮੇਟੀ ਦੀਆਂ ਮਿਤੀ 11.5.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਸੈਸ਼ਨ 2011-12 ਤੋਂ M.Tech. (Urban Planning) ਅਤੇ Master in Planning (Infrastructure) ਕੋਰਸਾਂ ਦੇ ਅਧਿਆਦੇਸ਼ਾਂ ਵਿਚ ਸੋਧ ਅਤੇ ਦਾਖਲਾ ਪ੍ਰਾਸਪੈਕਟਸ ਵਿਚ ਯੋਗਤਾ ਸ਼ਰਤ ਸ਼ਾਮਲ ਕਰਨ ਦੀ ਪੁਸ਼ਟੀ।**

50. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਵਾਈਸ-ਚਾਂਸਲਰ ਸਾਹਿਬ ਦੇ ਅਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2011-12 ਤੋਂ M.Tech. (Urban Planning) ਅਤੇ Master in Planning(Infrastructure) ਕੋਰਸਾਂ ਦੇ ਅਧਿਆਦੇਸ਼ਾਂ ਵਿਚ ਸੋਧ ਅਤੇ ਦਾਖਲਾ ਪ੍ਰਾਸਪੈਕਟਸ ਵਿਚ **ਅੰਤਿਕਾ** ਅਨੁਸਾਰ ਯੋਗਤਾ ਸ਼ਰਤ ਸ਼ਾਮਲ ਕਰਨ ਦੀ ਪਰਵਾਨਗੀ ਦਿੱਤੀ ਹੈ।

**ਵੱਖ-ਵੱਖ ਅਸਾਮੀਆਂ ਲਈ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।**

51. ਮੱਦ ਨੰ: 51 ਉੱਤੇ ਵਿਚਾਰ ਸਮੇਂ ਡਾ. ਨਿਰਮਲ ਪਾਂਧੀ ਨੇ ਇਕੱਤਰਤਾ ਵਿਚ ਭਾਗ ਨਹੀਂ ਲਿਆ।

ਹੇਠ ਲਿਖੀਆਂ ਵੱਖ-ਵੱਖ ਅਸਾਮੀਆਂ ਲਈ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਉੱਤੇ ਵਿਚਾਰ ਹੋਈ:-

1. ਪ੍ਰਿੰਸੀਪਲ, ਵੇਰਕਾ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਵੇਰਕਾ।
2. ਪ੍ਰਿੰਸੀਪਲ, ਐਸ.ਆਰ.ਐਸ.ਪੀ.ਐਮ. ਕਾਲਜ, ਨਿਆੜੀ।

3. ਪ੍ਰਿੰਸੀਪਲ, ਚੁੰਘ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਚੁੰਘ।
4. ਪ੍ਰਿੰਸੀਪਲ, ਏ.ਐਸ.ਐਸ.ਐਮ. ਕਾਲਜ, ਮੁਕੰਦਪੁਰ।
5. ਪ੍ਰਿੰਸੀਪਲ, ਨਰੋਟ ਜੈਮਲ ਸਿੰਘ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਨਰੋਟ ਜੈਮਲ ਸਿੰਘ।
6. ਪ੍ਰਿੰਸੀਪਲ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ, ਜਿਲਾ ਕਪੂਰਥਲਾ।
7. ਅਸਿਸਟੈਂਟ ਪ੍ਰੋਫੈਸਰ, ਮੋਲੀਕਿਊਲਰ ਬਿਆਲੋਜੀ ਐਂਡ ਬਾਇਓ-ਟੈਕਨਾਲੋਜੀ।
8. ਅਸਿਸਟੈਂਟ ਪ੍ਰੋਫੈਸਰ, ਅਪਲਾਈਡ ਕੈਮੀਕਲ ਸਾਇੰਸਜ਼ ਐਂਡ ਟੈਕਨਾਲੋਜੀ।
9. ਅਸਿਸਟੈਂਟ ਪ੍ਰੋਫੈਸਰ, ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ।

**ਪਾਸ ਹੋਇਆ** ਕਿ ਉਕਤ ਅਸਾਮੀਆਂ ਲਈ ਹੇਠ ਲਿਖੇ ਅਨੁਸਾਰ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਹੈ:-

| | |
|---|---|
| 1. ਪ੍ਰਿੰਸੀਪਲ, ਵੇਰਕਾ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਵੇਰਕਾ। | ਡਾ. ਮਹਿਲ ਸਿੰਘ<br><br>ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣ ਯੋਗ ਤਨਖਾਹ ਉੱਤੇ |
| 2. ਪ੍ਰਿੰਸੀਪਲ, ਐਸ.ਆਰ.ਐਸ.ਪੀ.ਐਮ. ਕਾਲਜ, ਨਿਆੜੀ। | ਡਾ. ਰਾਕੇਸ਼ ਮੋਹਨ ਸ਼ਰਮਾ<br><br>ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣ ਯੋਗ ਤਨਖਾਹ ਉੱਤੇ |
| 3. ਪ੍ਰਿੰਸੀਪਲ, ਚੁੰਘ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਚੁੰਘ। | ਡਾ. ਮੋਹਨਜੀਤ ਨਾਗਪਾਲ<br><br>ਕੰਟ੍ਰੈਕਟ ਆਧਾਰ ਤੇ 40000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਉੱਤੇ |
| 4. ਪ੍ਰਿੰਸੀਪਲ, ਨਰੋਟ ਜੈਮਲ ਸਿੰਘ ਕਾਲਜ ਆਫ ਆਰਟਸ, ਸਾਇੰਸ ਐਂਡ ਕਮਰਸ, ਨਰੋਟ ਜੈਮਲ ਸਿੰਘ। | ਡਾ. ਨਿਰਮਲ ਪਾਂਧੀ<br><br>40000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਉੱਤੇ |
| 5. ਪ੍ਰਿੰਸੀਪਲ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿਠੜਾ, ਜਿਲਾ ਕਪੂਰਥਲਾ। | ਡਾ. ਦਲਜੀਤ ਸਿੰਘ<br><br>ਯੂਨੀਵਰਸਿਟੀ ਨਿਯਮਾਂ ਅਨੁਸਾਰ ਮਿਲਣ ਯੋਗ ਤਨਖਾਹ ਉੱਤੇ |
| 6. ਅਸਿਸਟੈਂਟ ਪ੍ਰੋਫੈਸਰ, ਮੋਲੀਕਿਊਲਰ ਬਿਆਲੋਜੀ ਐਂਡ ਬਾਇਓ-ਟੈਕਨਾਲੋਜੀ। | 1. ਡਾ. ਅਨੂਪ ਕੁਮਾਰ ਕੇਸਵਾਂ<br>2. ਡਾ. ਕਵਲੀਨ ਸਿਕੰਦ |
| 7. ਅਸਿਸਟੈਂਟ ਪ੍ਰੋਫੈਸਰ, ਅਪਲਾਈਡ ਕੈਮੀਕਲ ਸਾਇੰਸਜ਼ ਐਂਡ ਟੈਕਨਾਲੋਜੀ। | ਸ਼੍ਰੀ ਸੰਦੀਪ ਬੋਸ<br><br>ਉਡੀਕ ਸੂਚੀ ਤੇ:-<br>ਸ਼੍ਰੀ ਸਚਿਨ ਕੁਮਾਰ |

8. ਅਸਿਸਟੈਂਟ ਪ੍ਰੋਫੈਸਰ, ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ। ਸ੍ਰੀ ਅਮਰਿੰਦਰ ਸਿੰਘ

ਇਹ ਵੀ **ਪਾਸ ਹੋਇਆ** ਕਿ ਉਕਤ ਕ੍ਰਮ ਨੰ:1,3, 4 ਅਤੇ 5 'ਤੇ ਦਰਸਾਏ ਪ੍ਰਿੰਸੀਪਲਾਂ ਦੀ ਨਿਯੁਕਤੀ 1.6.2011 ਤੋਂ ਪ੍ਰਭਾਵੀ ਹੋਵੇਗੀ।

ਇਹ **ਨੋਟ ਕੀਤਾ** ਕਿ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਲਈ ਪ੍ਰਿੰਸੀਪਲ ਦੀ ਅਸਾਮੀ ਲਈ ਚੋਣ ਕਮੇਟੀ ਵੱਲੋਂ ਕਿਸੇ ਵੀ ਵਿਅਕਤੀ ਨੂੰ ਯੋਗ ਨਹੀਂ ਪਾਇਆ ਗਿਆ।

52 ਮੱਦ ਨੰ: 45 ਨਾਲ ਪੜ੍ਹੀ ਗਈ।

53 ਮੱਦ ਨੰ: 45 ਨਾਲ ਪੜ੍ਹੀ ਗਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 25.1.2011 ਦੇ ਪੈਰਾ 53(ਅ) ਵਿਚ ਸੋਧ।**

54. ਸਿੰਡੀਕੇਟ ਦੀ ਇੱਕਤਰਤਾ ਮਿਤੀ 25.1.2011 ਦੇ ਪੈਰਾ 53(ਅ) ਰਾਹੀਂ ਲਏ ਨਿਰਣੇ ਵਿਚ ਸ਼ਬਦ "Full dress Enquiry" ਦੀ ਬਜਾਇ ਸ਼ਬਦ "Full dress but Regular Enquiry" ਪੜੇ ਜਾਣ ਤੇ ਵਿਚਾਰ ਹੋਈ।

ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 25.1.2011 ਦੇ ਪੈਰਾ 53(ਅ) ਰਾਹੀਂ ਲਏ ਨਿਰਣੇ ਦੀ ਲਗਾਤਾਰਤਾ ਵਿਚ ਕਿ CWP No. 995 of 2010 ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ ਮਿਤੀ 20.9.2010 ਅਨੁਸਾਰ ਪਹਿਲੀ Enquiry Report ਮਿਤੀ 22.8.2007 ਨੂੰ Preliminary Enquiry Report ਮੰਨਦੇ ਹੋਏ ਯੂਨੀਵਰਸਿਟੀ ਕੈਲੰਡਰ 2007 ਜਿਲਦ ਪਹਿਲੀ ਦੇ ਪੰਨਾ 32-34 ਉੱਤੇ ਸਟੈਚਿਊਟ 33 ਅਧੀਨ ਸਬੰਧਤ ਵਿਅਕਤੀ (ਡਾ. ਬਲਵਿੰਦਰ ਸਿੰਘ, ਰੀਡਰ, ਕਮਰਸ ਐਂਡ ਬਿਜਨੈਸ ਮੈਨੇਜਮੈਂਟ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਨੂੰ ਚਾਰਜ਼ਸ਼ੀਟ ਜਾਰੀ ਕਰਨ ਅਤੇ Regular Enquiry ਸ਼ੁਰੂ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ ਅਤੇ ਡਾ. ਬਲਵਿੰਦਰ ਸਿੰਘ ਵੱਲੋਂ ਦਿੱਤਾ ਗਿਆ ਚਾਰਜਸ਼ੀਟ ਦਾ ਜਵਾਬ ਸਿੰਡੀਕੇਟ ਦੇ ਵਿਚਾਰ ਹਿਤ ਪੇਸ਼ ਕੀਤਾ ਜਾਵੇਗਾ।

**ਯੂਨੀਵਰਸਿਟੀ ਅਤੇ ਕਾਲਜਾਂ ਵਿਚ Common ਕੋਰਸਾਂ ਨੂੰ ਆਨਰਜ਼ ਕੋਰਸਾਂ ਵਿਚ ਤਬਦੀਲ ਕਰਨ ਅਤੇ ਪੋਸਟ-ਗ੍ਰੈਜੂਏਟ ਪੱਧਰ ਦੀਆਂ ਸਾਰੀਆਂ ਰੈਗੂਲਰ/ਪ੍ਰਾਈਵੇਟ ਪ੍ਰੀਖਿਆਵਾਂ ਸਮੈਸਟਰ ਪ੍ਰਣਾਲੀ ਅਧੀਨ ਕਰਨ ਦੀ ਪਰਵਾਨਗੀ।**

55. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਂਪਸ ਵਿਚ ਚਲ ਰਹੇ ਵੱਖ-ਵੱਖ ਫੈਕਲਟੀਜ਼ ਅਧੀਨ ਵੱਖ-ਵੱਖ ਕੋਰਸ, ਜਿਹੜੇ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਨਾਲ Common ਹਨ, ਨੂੰ ਹੋਰ ਐਡਵਾਂਸ ਕਰਕੇ ਆਨਰਜ਼ ਕੋਰਸਾਂ ਵਿਚ ਤਬਦੀਲ ਕਰਨ ਅਤੇ ਵਿਦਿਅਕ ਸੈਸ਼ਨ 2011-12 ਤੋਂ ਐਮ.ਏ. ਪੱਧਰ ਦੀਆਂ (Post Graduate Classes) ਸਾਰੀਆਂ ਰੈਗੂਲਰ/ਪ੍ਰਾਈਵੇਟ ਪ੍ਰੀਖਿਆਵਾਂ ਸਮੈਸਟਰ ਪ੍ਰਣਾਲੀ ਅਧੀਨ ਕਰਨ ਆਦਿ ਸਬੰਧੀ, ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਮਿਤੀ 9.5.2011 ਨੂੰ ਡੀਨ ਆਫ ਫੈਕਲਟੀਜ਼ ਅਤੇ ਅਧਿਆਪਨ ਵਿਭਾਗਾਂ ਦੇ ਮੁਖੀਆਂ ਦੀ ਇੱਕਤਰਤਾ ਵਿਚ ਲਏ ਗਏ ਨਿਰਣੇ (**ਅੰਤਿਕਾ** ਅਨੁਸਾਰ) ਇਸ ਸੋਧ

ਸਹਿਤ ਪਰਵਾਨ ਕੀਤੇ ਜਾਂਦੇ ਹਨ ਕਿ **ਅੰਤਿਕਾ** ਦਾ ਕ੍ਰਮ ਨੰ: 2 ਹੇਠ ਲਿਖੇ ਅਨੁਸਾਰ ਪੜ੍ਹਿਆ ਜਾਵੇ:-

"ਵਿਦਿਅਕ ਸੈਸ਼ਨ 2011-12 ਤੋਂ ਪੋਸਟ-ਗ੍ਰੈਜੂਏਟ ਪੱਧਰ ਦੀਆਂ ਸਾਰੀਆਂ ਰੈਗੂਲਰ ਅਤੇ ਪ੍ਰਾਈਵੇਟ ਪ੍ਰੀਖਿਆਵਾਂ ਸਮੈਸਟਰ ਪ੍ਰਣਾਲੀ ਅਧੀਨ ਹੋਣਗੀਆਂ।"

ਇਹ ਵੀ **ਪਾਸ ਹੋਇਆ** ਕਿ ਇਨ੍ਹਾਂ ਕੋਰਸਾਂ ਦੇ ਅਧਿਆਦੇਸ਼ ਪਰਵਾਨ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਬੀ.ਏ.ਐਲ.ਐਲ.ਬੀ. **(Hons.) FYIC** ਅਤੇ ਐਲ.ਐਲ.ਬੀ. **(FYIC)** ਕੋਰਸਾਂ ਦਾ **Nomenclature** ਅਤੇ **Fee Structure** ਦੀ ਪਰਵਾਨਗੀ।

56. ਵਿਚਾਰ ਉਪਰੰਤ

**ਪਾਸ ਹੋਇਆ** ਕਿ ਰਿਜਨਲ ਕੈਂਪਸ, ਜਲੰਧਰ ਅਤੇ ਰਿਜਨਲ ਕੈਂਪਸ, ਗੁਰਦਾਸਪੁਰ ਵਿਖੇ ਚੱਲ ਰਹੇ ਕ੍ਰਮਵਾਰ ਬੀ.ਏ.ਐਲ.ਐਲ.ਬੀ. (Hons.) FYIC ਅਤੇ ਐਲ.ਐਲ.ਬੀ. (FYIC) ਕੋਰਸਾਂ ਵਿਚ ਇਕਸਾਰਤਾ ਲਿਆਉਣ ਲਈ ਵਾਈਸ-ਚਾਂਸਲਰ ਸਾਹਿਬ ਦੀ ਪ੍ਰਧਾਨਗੀ ਹੇਠ ਡੀਨ ਫੈਕਲਟੀਜ਼ ਅਤੇ ਮੁਖੀ ਵਿਭਾਗਾਂ ਦੀ ਇੱਕਤਰਤਾ ਮਿਤੀ 9.5.2011 ਰਾਹੀਂ ਉਕਤ ਕੋਰਸਾਂ ਦਾ Nomenclature ਅਤੇ Fee Structure ਹੇਠ ਲਿਖੇ ਅਨੁਸਾਰ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| Name of the Course | Tuition Fee | Annual Funds | Other Funds | Total Fee (Per Year) |
|---|---|---|---|---|
| B.A.,LL.B. (Hons.) FYIC | Rs. 29760/- | Rs. 10000/- | Rs. 3240/- | Rs. 43000/- |

ਸ੍ਰੀ ਸੁਖਦੇਵ ਪਾਲ ਮਹਿਤਾ, ਸੇਵਾ-ਮੁਕਤ ਸਟਾਫ ਨਰਸ (ਮੇਲ), ਹੈਲਥ ਸੈਂਟਰ ਦੀ ਮੁੜ-ਨਿਯੁਕਤੀ ਦੀ ਪੁਸ਼ਟੀ।

57. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਸੁਖਦੇਵ ਪਾਲ ਮਹਿਤਾ, ਸੇਵਾ-ਮੁਕਤ ਸਟਾਫ ਨਰਸ(ਮੇਲ), ਹੈਲਥ ਸੈਂਟਰ ਨੂੰ ਮਿਤੀ 17.5.2011 ਤੋਂ 16.11.2011 ਤੱਕ ਛੇ ਮਹੀਨੇ ਲਈ ਜਾਂ ਅਸਾਮੀ ਪੱਕੇ ਤੌਰ ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 6900/- ਰੁਪਏ ਮਾਸਿਕ (ਬਿਲਮੁਕਤਾ) ਤਨਖਾਹ ਉੱਤੇ ਕੰਟਰੈਕਟ ਅਧਾਰ ਤੇ ਸਟਾਫ ਨਰਸ(ਮੇਲ) ਵਜੋਂ ਮੁੜ-ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਹਾਜਰੀ ਡਿਊਟੀ ਜਾਇਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

ਕ੍ਰੈਡਿਟ ਬੇਸਡ ਇਵੈਲੂਏਸ਼ਨ ਸਿਸਟਮ ਅਧੀਨ ਪੜ੍ਹ ਰਹੇ ਫੇਲ ਹੋਣ ਵਾਲੇ ਵਿਦਿਆਰਥੀਆਂ ਨੂੰ ਕੋਰਸ ਦੁਬਾਰਾ ਸ਼ੁਰੂ ਕਰਨ ਲਈ ਮੋਡੈਲਟੀਜ਼ ਤਹਿ ਕਰਨ ਹਿਤ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

58. ਇਸ ਯੂਨੀਵਰਸਿਟੀ ਵਿਖੇ ਕ੍ਰੈਡਿਟ ਬੇਸਡ ਇਵੈਲੂਏਸ਼ਨ ਸਿਸਟਮ ਅਧੀਨ ਪੜ੍ਹ ਰਹੇ ਫੇਲ ਹੋਣ ਵਾਲੇ ਵਿਦਿਆਰਥੀਆਂ ਨੂੰ ਆਪਣਾ ਕੋਰਸ ਦੁਬਾਰਾ ਸ਼ੁਰੂ (repeat) ਕਰਨ ਲਈ ਮੋਡੈਲਟੀਜ਼ ਤਹਿ ਕਰਨ ਹਿਤ ਵਾਈਸ-ਚਾਂਸਲਰ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 19.4.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

59 ਮੱਦ ਨੰ: 45 ਨਾਲ ਪੜ੍ਹੀ ਗਈ।

60 ਮੱਦ ਨੰ: 45 ਨਾਲ ਪੜ੍ਹੀ ਗਈ।

ਸ੍ਰੀ ਗੁਰਪ੍ਰੀਤ ਸਿੰਘ, ਪੰਪ ਡਰਾਈਵਰ, ਉਸਾਰੀ ਵਿਭਾਗ ਦੀ ਤਨਖਾਹ ਵਿਚ ਵਾਧਾ।

61. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਕੰਟਰੈਕਟ ਆਧਾਰ ਤੇ ਕੰਮ ਕਰ ਰਹੇ ਸ੍ਰੀ ਗੁਰਪ੍ਰੀਤ ਸਿੰਘ, ਪੰਪ ਡਰਾਈਵਰ, ਉਸਾਰੀ ਵਿਭਾਗ ਦੀ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਮਿਤੀ 1.4.2011 ਤੋਂ 5000/- ਰੁਪਏ ਤੋਂ ਵਧਾ ਕੇ 7500/- ਰੁਪਏ ਪ੍ਰਤੀ ਮਹੀਨਾ ਕੀਤੀ ਜਾਂਦੀ ਹੈ।

ਸ੍ਰੀ ਰੁਪੇਸ਼ ਕੁਮਾਰ, CCJDEO, ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਦੀ ਤਨਖਾਹ ਵਿਚ ਵਾਧਾ।

62. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 11.3.2011 ਰਾਹੀਂ ਲਏ ਨਿਰਣੇ ਨੂੰ ਮੁੱਖ ਰੱਖਦਿਆਂ ਕੰਟਰੈਕਟ ਆਧਾਰ ਤੇ ਨਿਯੁਕਤ ਸ੍ਰੀ ਰੁਪੇਸ਼ ਕੁਮਾਰ, CCJDEO, ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ, ਗੁਰਦਾਸਪੁਰ ਦੀ ਤਨਖਾਹ 7000/- ਰੁਪਏ ਤੋਂ ਵਧਾ ਕੇ 10000/- ਰੁਪਏ ਪ੍ਰਤੀ ਮਹੀਨਾ ਕੀਤੀ ਜਾਂਦੀ ਹੈ।

63 ਮੱਦ ਨੰ: 5 ਨਾਲ ਪੜ੍ਹੀ ਗਈ।

ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

64. ਵਾਈਸ-ਚਾਂਸਲਰ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਰਾਮ ਪਰਸ਼ਾਦ ਐਮ. | An Analysis of Preprogrammed Reactions in Global Muscles of Lumbo-Pelvic segment in Subjects with and without Low Back Pain: Experimental Electromyographic Study. | ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ- ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਫੈਕਲਟੀ। |
| 2. | ਸੁਮੀਤ ਅਰੋੜਾ | "HIV/AIDS: A study of Social Construction of a Contagious and Terminal Illness. | ਸੋਸ਼ਿਆਲੋਜੀ- ਆਰਟਸ ਐਂਡ ਸੋਸ਼ਲ ਸਾਇੰਸਜ਼ ਫੈਕਲਟੀ। |
| 3. | ਤਨੁਜਾ ਰਾਣਾ | Molecular Characterization and Diagnostic Development for Apple chlorotic leaf spot virus. | ਬਾਇਓ-ਟੈਕਨਾਲੋਜੀ- ਲਾਈਫ ਸਾਇੰਸਜ਼ ਫੈਕਲਟੀ। |

**ਵਿਤ ਕਮੇਟੀ ਦੇ ਮੈਂਬਰ ਦੀ ਚੋਣ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਗਏ।**

65. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਸੁਖਦੇਵ ਸਿੰਘ, ਪ੍ਰੋਫੈਸਰ, ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ, ਜੋ ਇਸ ਯੂਨੀਵਰਸਿਟੀ ਦੀ ਵਰਤਮਾਨ ਵਿਤ ਕਮੇਟੀ ਦੇ ਮੈਂਬਰ ਹਨ, ਦੇ ਸਬੈਟੀਕਲ ਲੀਵ ਤੇ ਜਾਣ ਕਾਰਣ ਉਨ੍ਹਾਂ ਦੀ ਥਾਂ ਵਿਤ ਕਮੇਟੀ ਦੀ ਰਹਿੰਦੀ ਮਿਆਦ ਮਿਤੀ 30.6.2012 ਤੱਕ ਲਈ ਇਕ ਮੈਂਬਰ ਦੀ ਚੋਣ ਕਰਨ ਦੇ ਅਧਿਕਾਰ ਵਾਈਸ-ਚਾਂਸਲਰ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

**ਪੱਕੀ ਕੀਤੀ ਗਈ।**

ਸਹੀ/-

(ਅ.ਸ. ਬਰਾੜ)
ਵਾਈਸ-ਚਾਂਸਲਰ